# ਰੁੱਖ-ਬੂਟਿਆਂ ਦੀ ਅੱਖਰ-ਮਾਲ਼ਾ



ਡਾ. ਬ੍ਰਿਜ ਮੋਹਨ ਭਾਰਦਵਾਜ | ਡਾ. ਬਲਵਿੰਦਰ ਸਿੰਘ ਲੱਖੇਵਾਲੀ

# ਰੁੱਖ ਬੂਟਿਆਂ ਦੀ ਅੱਖਰ-ਮਾਲ਼ਾ

| | | | | | |
|---|---|---|---|---|---|
| ੳ | ਅ | ੲ | ਸ | ਹ | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | |
| ਸ਼ | ਖ਼ | ਗ਼ | ਜ਼ | ਫ਼ | ਲ਼ |



# ਰੁੱਖ ਬੂਟਿਆਂ ਦੀ ਅੱਖਰ-ਮਾਲ਼ਾ

ਡਾ. ਬ੍ਰਿਜ ਮੋਹਨ ਭਾਰਦਵਾਜ | ਡਾ. ਬਲਵਿੰਦਰ ਸਿੰਘ ਲੱਖੇਵਾਲੀ

SOCH
Society for Conservation & Healing of Environment ਸੋਚ

ਸੋਸਾਇਟੀ ਫਾਰ ਕੰਜ਼ਰਵੇਸ਼ਨ ਐਂਡ ਹੀਲਿੰਗ ਆਫ਼ ਇਨਵਾਇਰਮੈਂਟ
ਲੁਧਿਆਣਾ (ਪੰਜਾਬ)

# ਰੁੱਖ ਬੂਟਿਆਂ ਦੀ ਅੱਖਰ-ਮਾਲ਼ਾ

ਵੱਲੋਂ
ਡਾ. ਬ੍ਰਿਜ ਮੋਹਨ ਭਾਰਦਵਾਜ    ਡਾ. ਬਲਵਿੰਦਰ ਸਿੰਘ ਲੱਖੇਵਾਲੀ

© ਲੇਖਕ

ਪਹਿਲੀ ਵਾਰ ਫਰਵਰੀ, 2026

ਪ੍ਰਕਾਸ਼ਕ :
**ਸੋਸਾਇਟੀ ਫ਼ਾਰ ਕੰਜ਼ਰਵੇਸ਼ਨ ਐਂਡ ਹੀਲਿੰਗ ਆਫ਼ ਇਨਵਾਇਰਮੈਂਟ,**
**ਲੁਧਿਆਣਾ**
ਫੋਨ ਨੰ: + 91-98142 39041
ਈ-ਮੇਲ: soch.environment@gmail.com
ਵੈਬਸਾਇਟ: www.sochngo.org

ਛਾਪਕ:
**ਦਾ ਪ੍ਰਿੰਟ ਜ਼ੋਨ**
1863, ਗਲੀ ਨੰ 5, ਮਹਾਰਾਜ ਨਗਰ, ਲੁਧਿਆਣਾ

# ਸਮਰਪਣ

ਪੰਜਾਬੀ ਮਾਤ ਭਾਸ਼ਾ ਦੇ ਚਹੇਤੇ ਸੁਖ਼ਨਵਰ
ਸਦੀ ਦੇ ਮਹਾਨ ਸ਼ਾਇਰ
ਡਾ. ਸੁਰਜੀਤ ਪਾਤਰ



# ਹਾਰਦਿਕ ਸਵਾਗਤ

ਜੀਵਨ ਦੀਆਂ ਤਿੰਨ ਮੁਢਲੀਆਂ ਲੋੜਾਂ ਕੁੱਲੀ ਗੁੱਲੀ ਅਤੇ ਜੁੱਲੀ ਨਹੀਂ ਸਗੋਂ ਸਾਹ ਲੈਣ ਲਈ ਹਵਾ, ਪੀਣ ਲਈ ਪਾਣੀ ਅਤੇ ਖਾਣ ਲਈ ਭੋਜਨ ਹਨ। ਇਹਨਾਂ ਤਿੰਨਾਂ ਵਿੱਚੋਂ ਵੀ ਮਾਨਵੀ ਜੀਵਨ ਲਈ ਸਭ ਤੋਂ ਪਹਿਲੀ ਲੋੜੀਂਦੀ ਚੀਜ਼ ਹਵਾ ਵਿਚਲੀ ਆਕਸੀਜਨ ਜਾਣੀ ਪ੍ਰਾਣਵਾਯੂ ਹੈ ਜੋ ਸਾਨੂੰ ਰੁੱਖਾਂ, ਵੇਲਾਂ, ਬੂਟਿਆਂ ਤੋਂ ਪ੍ਰਾਪਤ ਹੁੰਦੀ ਹੈ। ਭੋਜਨ ਵੀ ਸਿੱਧੇ ਜਾਂ ਅਸਿੱਧੇ ਤੌਰ ਤੇ ਸਾਨੂੰ ਬਨਸਪਤੀ ਤੋਂ ਹੀ ਪ੍ਰਾਪਤ ਹੁੰਦਾ ਹੈ। ਗੁਰਬਾਣੀ ਵਿੱਚ ਅਨੇਕਾਂ ਵਾਰ ਬਨਸਪਤੀ ਦੀ ਹਰਿਆਵਲ ਨੂੰ ਜੀਵਨ ਦੇ ਸਮਅਰਥੀ ਕਿਹਾ ਗਿਆ ਹੈ। ਸਰੀਰਕ ਸਿਹਤ ਅਤੇ ਮਾਨਸਿਕ ਖੇੜੇ ਨੂੰ ਇਸ ਹਰਿਆਵਲ ਨਾਲ਼ ਦ੍ਰਿਸ਼ਟਾਇਆ ਗਿਆ ਹੈ:

ਤਨੁ ਮਨੁ ਹਰਿਆ ਹੋਇ ਨਾਨਕ ਹਰਿ ਵਸਿਆ ਮਨਿ ਸੋਇ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ॥

ਇਸੇ ਕਰਕੇ ਬਨਸਪਤੀ ਦਾ ਗਹਿਰਾ ਬੋਧ ਰੱਖਣ ਵਾਲ਼ੇ ਡਾ. ਬਲਵਿੰਦਰ ਸਿੰਘ ਲੱਖੇਵਾਲੀ ਅਤੇ ਡਾ. ਬ੍ਰਿਜ ਮੋਹਨ ਭਾਰਦਵਾਜ ਦੀ ਇਸ ਪੱਖ ਤੋਂ ਗੁਰਬਾਣੀ ਵਿੱਚ ਬਹੁਤ ਚਾਅ ਭਰੀ ਦਿਲਚਸਪੀ ਬਣੀ ਹੈ। ਉਹ ਪਿਛਲੇ ਕਾਫ਼ੀ ਸਮੇਂ ਤੋਂ ਜਿੱਥੇ ਰੁੱਖਾਂ, ਬਿਰਖਾਂ, ਵੇਲਾਂ, ਬੂਟਿਆਂ ਨਾਲ਼ ਧਰਤੀ ਨੂੰ ਸ਼ਿੰਗਾਰਨ ਸੁਆਰਨ ਦੇ ਕਾਰਜ ਨਾਲ਼ ਜੁੜੇ ਹੋਏ ਹਨ ਉੱਥੇ ਉਹ ਰੁੱਖਾਂ ਬੂਟਿਆਂ ਦੇ ਹਵਾਲਿਆਂ ਅਤੇ ਵੇਰਵਿਆਂ ਨੂੰ ਗੁਰਬਾਣੀ ਵਿੱਚ ਖੋਜਣ ਲੱਗੇ ਰਹਿੰਦੇ ਹਨ।

ਗੁਰਬਾਣੀ ਵਿੱਚ ਅੱਖਰਾਂ ਦੀ ਵੀ ਭਰਪੂਰ ਮਹਿਮਾ ਹੈ:

ਅਖਰੀ ਨਾਮੁ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥
ਅਖਰੀ ਲਿਖਣੁ ਬੋਲਣੁ ਬਾਣਿ॥
ਅਖਰਾ ਸਿਰਿ ਸੰਜੋਗੁ ਵਖਾਣਿ॥

ਹਥਲੀ ਪੁਸਤਕ ਵਿੱਚ ਉਨ੍ਹਾਂ ਨੇ ਆਪਣੇ ਕਾਰਜ ਖੇਤਰ ਨੂੰ ਆਪਣੀ ਮਾਂ ਬੋਲੀ ਪੰਜਾਬੀ ਪ੍ਰਤੀ ਪਿਆਰ ਨਾਲ਼ ਜੋੜਿਆ ਹੈ। ਇਹ ਕਾਰਜ ਉਹਨਾਂ ਦੇ ਕੁਦਰਤ ਪ੍ਰੇਮ ਅਤੇ ਗੁਰਮੁਖੀ ਅੱਖਰਾਂ ਪ੍ਰਤੀ ਪਿਆਰ ਦਾ ਪ੍ਰਮਾਣ ਹੈ। ਗੁਰਮੁਖੀ ਦੇ ਅੱਖਰਾਂ ਨੇ ਉਹਨਾਂ ਨੂੰ ਹਰਿਆਵਲ ਦੇ ਭੁੱਲੇ ਵਿਸਰੇ ਸਿਰਨਾਮੇ ਖੋਜਣ ਲਈ ਉਤਸ਼ਾਹਿਤ ਕੀਤਾ ਹੈ। ਇਹ ਸਚਿੱਤਰ ਮਿੰਨੀ ਕੋਸ਼ ਦਿਲਚਸਪੀ ਅਤੇ ਮੁਹੱਬਤ ਦੇ ਸੁਮੇਲ ਚੋਂ ਪੈਦਾ ਹੋਇਆ ਹੈ। ਇਸ ਪਾਵਨ ਸੁਮੇਲ ਲਈ ਲੇਖਕ ਬਹੁਤ ਮੁਬਾਰਕ ਦੇ ਹੱਕਦਾਰ ਹਨ। ਇਸ ਵਿਲੱਖਣ ਕਾਰਜ ਦਾ ਸਵਾਗਤ ਕਰਦੇ ਹੋਏ ਮੈਂ ਸਮਝਦਾ ਹਾਂ ਕਿ ਉਹਨਾਂ ਦੇ ਇਸ ਉੱਦਮ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ।

**ਸ. ਜਸਵੰਤ ਸਿੰਘ ਜ਼ਫ਼ਰ**
**ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ**

# ਭੂਮਿਕਾ

ਭਾਸ਼ਾ ਦੇ ਵਿਕਾਸ ਨਾਲ਼ ਹੀ ਮਨੁੱਖੀ ਵਿਕਾਸ ਦਾ ਅਗਾਜ਼ ਹੋਇਆ ਅਤੇ ਮਨੁੱਖੀ ਵਿਕਾਸ ਨਾਲ਼ ਵਾਤਾਵਰਣ ਦੇ ਘਾਣ ਦਾ ਮੁੱਢ ਬੱਝ ਗਿਆ। ਰੁੱਖਾਂ ਬੂਟਿਆਂ ਦੇ ਜੰਗਲ਼ਾਂ ਤੋਂ ਲੋਹੇ ਪੱਥਰ ਦੇ ਜੰਗਲ਼ਾਂ ਤੱਕ ਦਾ ਸਫ਼ਰ ਕਰਦਾ ਮਨੁੱਖ ਹੌਲ਼ੀ ਹੌਲ਼ੀ ਕੁਦਰਤ ਤੋਂ ਦੂਰ ਹੁੰਦਾ ਗਿਆ। ਤਕਨਾਲੋਜੀ ਦੀਆਂ ਕਰਾਮਾਤਾਂ ਵਿੱਚ ਗਵਾਚੀ ਮਨੁੱਖਤਾ ਨੂੰ ਨਿੱਕੇ ਜਿਹੇ ਵਾਇਰਸ ਨੇ ਜਦ ਆਪਣੇ ਹੀ ਬਣਾਏ ਪਿੰਜਰਿਆਂ ਵਿੱਚ ਕੈਦ ਕੀਤਾ ਤਾਂ ਕਈਆਂ ਨੂੰ ਆਪਣੇ ਘਰਾਂ ਦੁਆਲ਼ੇ ਲੱਗੇ ਰੁੱਖ ਬੂਟੇ, ਪੰਛੀ, ਤਿਤਲੀਆਂ ਦੀ ਹੋਂਦ ਦਾ ਅਹਿਸਾਸ ਹੋਇਆ। ਕੁਝ ਦੇਰ ਲਈ ਨਜ਼ਰੀਆ ਬਦਲਿਆ ਲੇਕਿਨ ਹਾਲਾਤ ਠੀਕ ਹੁੰਦੇ ਸਾਰ ਜ਼ਿਆਦਾਤਰ ਗੱਡੀਆਂ ਮੁੜ ਪਟੜੀ ਤੇ ਚੜ੍ਹ ਗਈਆਂ ਅਤੇ ਕੁਦਰਤ ਫਿਰ ਤੋਂ ਮਤਰੇਈ ਹੋ ਗਈ। ਹਾਲਾਂਕਿ ਖੋਜਾਂ ਨੇ ਸਿੱਧ ਕੀਤਾ ਹੈ ਕਿ ਕੁਦਰਤ ਦੀ ਗੋਦ ਵਿੱਚ ਪਲ਼ੇ ਬੱਚਿਆਂ ਦਾ ਦਿਮਾਗੀ ਵਿਕਾਸ ਬਿਹਤਰ ਹੁੰਦਾ ਹੈ ਅਤੇ ਹਰਿਆਵਲ ਵਿੱਚ ਰਹਿੰਦਾ ਮਨੁੱਖ ਮਾਨਸਿਕ ਅਤੇ ਸ਼ਰੀਰਿਕ ਤੌਰ ਤੇ ਜ਼ਿਆਦਾ ਤੰਦਰੁਸਤ ਰਹਿੰਦਾ ਹੈ ਲੇਕਿਨ ਵਿਕਾਸ ਦੀ ਦੌੜ ਵਿੱਚ ਲਗਿਆਂ ਨੂੰ ਆਲ਼ਾ ਦੁਆਲ਼ਾ ਧੁੰਦਲਾ ਹੀ ਦਿਸਦਾ ਹੈ। ਅਜੋਕੀ ਵਾਤਾਵਰਣ ਸਿੱਖਿਆ ਨੇ ਬੱਚਿਆਂ ਨੂੰ ਆਲਮੀ ਤਪਸ਼ ਅਤੇ ਓਜ਼ੋਨ ਪਰਤ ਵਿੱਚ ਛੇਕ ਜਹੀਆਂ ਸਮੱਸਿਆਵਾਂ ਨਾਲ਼ ਤਾਂ ਵਾਕਿਫ਼ ਕਰਵਾ ਦਿੱਤਾ ਹੈ ਲੇਕਿਨ ਹਾਲੇ ਵੀ ਉਹਨਾਂ ਨੂੰ ਘਰ ਦੇ ਬਾਹਰ ਲੱਗੇ ਰੁੱਖ ਦਾ ਨਾਂ, ਉਸ ਤੇ ਬੈਠੇ ਪੰਛੀ ਜਾਂ ਤਿਤਲੀ ਦਾ ਨਾਂ ਅਕਸਰ ਪਤਾ ਨਹੀਂ ਹੁੰਦਾ। ਇਹੀ ਹਾਲ ਬਹੁਤੇ ਵੱਡੀ ਉਮਰ ਵਾਲਿਆਂ ਦਾ ਵੀ ਹੈ।

ਕੁਦਰਤ ਤੋਂ ਦੂਰ ਹੋਣ ਦਾ ਵਰਤਾਰਾ ਭਾਸ਼ਾ ਨਾਲ਼ ਸ਼ੁਰੂ ਹੋਇਆ ਹੈ ਤਾਂ ਇਸ ਨਾਲ਼ ਦੁਬਾਰਾ ਜੁੜਨ ਦਾ ਜ਼ਰੀਆ ਵੀ ਭਾਸ਼ਾ ਹੀ ਹੋ ਸਕਦੀ ਹੈ। ਇਸ ਖ਼ਿਆਲ ਦਾ ਬੀਜ ਇਸ ਸਦੀ ਦੇ ਮਹਾਨ ਪੰਜਾਬੀ ਕਵੀ ਡਾ. ਸੁਰਜੀਤ ਪਾਤਰ ਜੀ ਨੇ ਸਾਡੇ ਮਨ ਵਿੱਚ ਬੀਜਿਆ। ਰੁੱਖ ਬੂਟਿਆਂ ਦੀ ਅੱਖਰ-ਮਾਲ਼ਾ ਉਹਨਾਂ ਦੀ ਸੋਚ ਸੀ, ਜਿਸ ਨੂੰ ਅਸੀਂ ਅਮਲੀ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕੀਤੀ ਹੈ। ਗੁਰਮੁਖੀ ਵਰਨਮਾਲਾ ਦੇ ਅੱਖਰ ਜਿਹੜੇ ਰੁੱਖ ਬੂਟਿਆਂ ਦੇ ਨਾਵਾਂ ਵਿੱਚ ਆਉਂਦੇ ਹਨ ਉਹਨਾਂ ਵਿੱਚੋਂ ਇੱਕ ਇੱਕ ਬੂਟੇ ਬਾਰੇ ਮੁਢਲੀ ਜਾਣਕਾਰੀ ਇਸ ਕਿਤਾਬ ਵਿੱਚ ਦਿੱਤੀ ਗਈ ਹੈ, ਜਿਸ ਵਿੱਚ ਬੂਟੇ ਦਾ ਇਤਿਹਾਸ, ਮਿਥਿਹਾਸ, ਲੋਕਧਾਰਾ ਵਿੱਚ ਜ਼ਿਕਰ, ਉੱਗਣ ਖੇਤਰ ਅਤੇ ਵਰਤੋਂ ਆਦਿ ਸ਼ਾਮਿਲ ਹਨ। ਜ਼ਿਆਦਾਤਰ ਰੁੱਖ ਬੂਟੇ ਸਾਡੇ ਆਲ਼ੇ ਦੁਆਲ਼ੇ ਮਿਲ਼ਣ ਵਾਲ਼ੇ ਅਤੇ ਪੰਜਾਬ ਦੀ ਵਿਰਾਸਤ ਨਾਲ਼ ਜੁੜੇ ਹਨ। ਕੁਝ ਬੂਟਿਆਂ ਦੇ ਨਾਮ ਪ੍ਰਚਲਿਤ ਨਾਵਾਂ ਨਾਲ਼ੋਂ ਵੱਖ ਹੋ ਸਕਦੇ ਹਨ ਅਤੇ ਅਜਿਹੇ ਨਾਵਾਂ ਦੀ ਚੋਣ ਸਾਰੇ ਅੱਖਰਾਂ ਨੂੰ ਸ਼ਾਮਿਲ ਕਰਨ ਦੀ ਮਜਬੂਰੀ ਵਜੋਂ ਕੀਤੀ ਗਈ ਹੈ। 35 ਅੱਖਰਾਂ ਤੋਂ ਇਲਾਵਾ ਪੈਰ ਵਿੱਚ ਬਿੰਦੀ ਵਾਲ਼ੇ ਅੱਖਰ ਵੀ ਸ਼ਾਮਿਲ ਕੀਤੇ ਗਏ ਹਨ ਕਿਉਂਕਿ ਪੰਜਾਬੀ ਸ਼ਬਦਾਵਲੀ ਵਿੱਚ ਬਹੁਤ ਸਾਰੇ ਲਫ਼ਜ਼ ਅਰਬੀ ਫ਼ਾਰਸੀ ਤੋਂ ਆਏ ਹਨ ਅਤੇ ਇਹਨਾਂ ਦੇ ਸ਼ੁੱਧ ਰੂਪ ਅਤੇ ਉਚਾਰਨ ਲਈ ਪੈਰ ਦੀ ਬਿੰਦੀ ਲਾਜ਼ਮੀ ਹੈ। ਆਸ ਹੈ ਕਿ ਗੁਰੂਆਂ ਦੀ ਬਖ਼ਸ਼ੀ ਲਿਪੀ ਰਾਹੀਂ ਕੁਦਰਤ ਨਾਲ਼ ਮੁੜ ਤੋਂ ਜੋੜਨ ਦਾ ਇਹ ਉਪਰਾਲਾ ਪਾਠਕ ਪ੍ਰਵਾਨ ਕਰਨਗੇ। ਕਿਸੇ ਵੀ ਤਰ੍ਹਾਂ ਦੀ ਸੋਧ ਲਈ ਸੁਝਾਵਾਂ ਦਾ ਸਵਾਗਤ ਹੈ।

**ਲੇਖਕ**

**ਵਿਸ਼ੇਸ਼ ਧੰਨਵਾਦ:**

- ਸੰਤ ਬਾਬਾ ਗੁਰਮੀਤ ਸਿੰਘ (ਖੋਸਿਆਂ ਵਾਲੇ)
- ਪ੍ਰੋ. ਗੁਰਭਜਨ ਗਿੱਲ
- ਸ਼੍ਰੀਮਤੀ ਸਰਬਜੀਤ ਕੌਰ
- ਗਗਨਦੀਪ ਸ਼ਰਮਾ

**ਸੋਚ ਸੰਸਥਾ ਦੇ ਹੋਰ ਪ੍ਰਕਾਸ਼ਨ:**

- ਗੁਰੂ ਨਾਨਕ ਬਾਣੀ ਵਿੱਚ ਕੁਦਰਤ
- ਸ਼੍ਰੇਣੀ ਅਨੁਸਾਰ ਰੁੱਖਾਂ ਦੀ ਯੋਜਨਾਬੰਦੀ (ਹਿੰਦੀ)

---

**ਤਸਵੀਰਾਂ:**

**ਡਾ. ਬ੍ਰਿਜ ਮੋਹਨ ਭਾਰਦਵਾਜ, ਡਾ. ਬਲਵਿੰਦਰ ਸਿੰਘ ਲੱਖੇਵਾਲੀ, ਵਿਕੀਮੀਡੀਆ ਕਾਮਨਜ਼ ਤੋਂ ਸ਼ੁਕਰਾਨੇ ਸਹਿਤ:–**

Abdul-Rauf Moshie, AfroBrazilian, Agnieszka Kwiecień, Nova, Asit K. Ghosh Thaumaturgist, B.navez, Bernard Gagnon, Billjones94, Carlo Brescia, Chauvet, Chris English, David J. Stang, David Stang, Dinesh Valke, Dinkun Chen, Dutta Roy Sagnik, Filo gèn', Forest and Kim Starr, Forestowlet, Haneesh K M, HannoSEA, Harry Rose, Hüseyin Cahid Doğan, INRA DIST, JDP90 (Joydeep), Ji-Elle, Jinge Norvall Andrews, JMK, John Robert McPherson, Kakara, Khalid Mahmood, Krish Dulal, Krzysztof Ziarnek, Kenraiz, Luis Fernández García, Mark Marathon, Mokkie, Nativeplants garden, Navendulad, One World Thailand, OsamaK, Palauenc05, PJeganathan, premchand, Raul654, Rohitjahnavi, Rouibi Dhia Eddine Nadjm, SABENCIA Guillermo César Ruiz, Sagisavas, Salicyna, Salil Kumar Mukherjee, Scott Bauer, Sm faysal, Stefan.lefnaer, Steve Fitzgerald, Subhash Kumar Raghubharathi, Suyash Dwivedi, Talent Pratibha, Vamsivadrevu, Varinder Naturaphile, Vengolis, Vijayanrajapuram, Vinayaraj, Wang Yu Ching, Wilfredor

---

# ਤਤਕਰਾ


ੳ-ੳੁਨਾਬ 1
ਅ-ਅੰਬ 2
ੲ-ਇਮਲੀ 3
ਸ-ਸਿੰਮਲ 4
ਹ-ਹਾਰ ਸ਼ਿੰਗਾਰ 5
ਕ-ਕਿੱਕਰ 6
ਖ-ਖਜੂਰ 7
ਗ-ਗੁਲਮੋਹਰ 8
ਘ-ਘੀ ਕੁਆਰ 9
ਙ-ਕੰਙਣੀ 10
ਚ- ਚੰਦਨ 11
ਛ- ਛਛਰਾ 12
ਜ-ਜੰਡ 13
ਝ-ਝਾੜ-ਫ਼ਾਨੂਸ 14
ਞ-ਵੰਞਲੀ ਬਾਂਸ 15
ਟ-ਟਾਹਲੀ 16
ਠ- ਰੀਠਾ 17
ਡ-ਡੇਕ 18
ਢ-ਢੇਊ 19
ਣ-ਸੁਹਾਂਜਣਾ 20
ਤ-ਤੂਤ 21
ਥ-ਥੋਹਰ 22
ਦ-ਦੱਭ 23
ਧ-ਧਤੂਰਾ 24
ਨ-ਨਿੰਮ 25
ਪ-ਪਿੱਪਲ 26
ਫ-ਫਲਾਹੀ 27
ਬ-ਬੋਹੜ 28
ਭ-ਭੱਖੜਾ 29
ਮ-ਮਹਿੰਦੀ 30
ਯ- ਯਾਸਮੀਨ 31
ਰ-ਰਹੂੜਾ 32
ਲ-ਲਸੂੜਾ 33
ਵ-ਵਣ 34
ੜ-ਹਰੜ 35
ਸ਼-ਸ਼ਰੀਂਹ 36
ਖ਼-ਖ਼ਰਬੂਜ਼ਾ 37
ਗ਼-ਗ਼ਾਜ਼ 38
ਜ਼-ਜ਼ੈਤੂਨ 39
ਫ਼-ਫ਼ਾਲਸਾ 40
ਲ਼-ਹਾਲ਼ੋਂ 41



# ੳ ਉਨਾਬ

*(Ziziphus jujuba)*







# ਉਨਾਬ

## *(Ziziphus jujuba)*

ਸਾਡੀ ਜ਼ਿੰਦਗੀ ਵਿੱਚ ਰੰਗਾਂ ਦਾ ਬਹੁਤ ਮਹੱਤਵ ਹੈ। ਅੰਗਰੇਜ਼ੀ ਭਾਸ਼ਾ ਦੇ ਇਸ ਦੌਰ ਵਿੱਚ ਅਜੇ ਵੀ ਮਾਂ-ਬੋਲੀ ਰਾਹੀਂ ਦਰਸਾਏ ਰੰਗਾਂ ਦੀ ਪਹਿਚਾਣ 'ਤੇ ਸਾਂਝ ਬੇਹੱਦ ਵਿਲੱਖਣ ਹੈ। ਲਾਲ ਰੰਗ ਜਦ ਕਾਲ਼ੀ ਭਾਹ ਮਾਰਨ ਲਗਦਾ ਹੈ ਤਾਂ ਉਸ ਨੂੰ ਅਸੀਂ 'ਉਨਾਬੀ' ਨਾਮ ਨਾਲ਼ ਬੜੀ ਬਾਖੂਬੀ ਜਾਣਦੇ ਹਾਂ। ਉਨਾਬ ਸ਼ਬਦ ਨਾਲ਼ ਸਾਂਝ ਦੀ ਗੱਲ ਕਰੀਏ ਤਾਂ ਦਰਅਸਲ 'ਉਨਾਬ' ਇੱਕ ਕਿਸਮ ਦਾ ਬੇਰ ਹੈ ਜੋ ਪੱਕ ਕੇ ਲਾਲ ਹੋਣ ਦੇ ਨਾਲ਼ ਲਾਲ-ਕਾਲ਼ੀ ਭਾਹ ਮਾਰਦਾ ਹੈ, ਜਿਸ ਤੋਂ ਅਸੀਂ ਲੋਕਾਂ ਨੇ ਉਨਾਬੀ ਰੰਗ ਨੂੰ ਪਹਿਚਾਣ ਦਿੱਤੀ।

ਪਹਾੜੀ ਇਲਾਕਿਆਂ ਵਿੱਚ ਪਾਏ ਜਾਣ ਵਾਲ਼ੇ ਇਸ ਰੁੱਖ ਦਾ ਵਿਗਿਆਨਿਕ ਨਾਂ 'ਜ਼ਿਜ਼ੀਫਸ ਜੁਜੁਬਾ' ਹੈ। ਭਾਰਤ ਤੋਂ ਇਲਾਵਾ ਉਨਾਬ ਵਿਸ਼ਵ ਦੇ ਹੋਰਨਾਂ ਦੇਸ਼ਾਂ ਜਿਵੇਂ ਕਿ ਇਰਾਨ, ਪਾਕਿਸਤਾਨ, ਅਫ਼ਗ਼ਾਨਿਸਤਾਨ, ਜਾਪਾਨ, ਚੀਨ, ਕੋਰੀਆ ਅਤੇ ਹੋਰ ਯੂਰਪੀ ਇਲਾਕਿਆਂ ਵਿੱਚ ਵੇਖਣ ਨੂੰ ਮਿਲ਼ਦਾ ਹੈ ਅਤੇ ਸੰਸਾਰ ਦੇ ਵੱਖ-ਵੱਖ ਭਾਗਾਂ ਵਿੱਚ ਇਸ ਨੂੰ ਰੈੱਡ ਡੇਟ, ਚਾਈਨੀਜ਼ ਡੇਟ, ਜੁਜਬੀ ਅਤੇ ਇੰਡੀਅਨ ਪਲੱਮ ਆਦਿ ਨਾਵਾਂ ਨਾਲ਼ ਜਾਣਿਆ ਜਾਂਦਾ ਹੈ। ਉਨਾਬ ਛੋਟੇ ਕੱਦ ਦਾ ਝਾੜੀਨੁਮਾ ਰੁੱਖ ਹੈ ਜੋ ਕਿ ਜੰਗਲ਼ਾਂ/ਰੋਹੀਆਂ/ਰੱਖਾਂ ਵਿੱਚ ਜ਼ਿਆਦਾਤਰ ਵੇਖਣ ਨੂੰ ਮਿਲ਼ਦਾ ਹੈ। ਤਕਰੀਬਨ 25-30 ਫੁੱਟ ਦੀ ਉਚਾਈ ਤੱਕ ਜਾਣ ਵਾਲ਼ਾ ਇਹ ਰੁੱਖ ਪੱਤਝੜੀ ਹੁੰਦਾ ਹੈ ਜਿਸ ਦੇ ਪੱਤੇ ਆਮ ਬੇਰ ਨਾਲ਼ੋਂ ਜ਼ਿਆਦਾ ਨੋਕਦਾਰ ਅਤੇ ਚਮਕ ਵਾਲ਼ੇ ਹੁੰਦੇ ਹਨ।

ਇਸ ਰੁੱਖ ਦੇ ਫੁੱਲ ਛੋਟੇ-ਛੋਟੇ, ਹਲਕੇ ਪੀਲ਼ੇ-ਹਰੇ ਰੰਗ ਦੇ ਹੁੰਦੇ ਹਨ ਜੋ ਸਮਾਂ ਪਾ ਕੇ ਕੁਝ-ਕੁਝ ਜ਼ੈਤੂਨ ਵਰਗੇ ਫਲਾਂ ਵਿੱਚ ਤਬਦੀਲ ਹੋ ਜਾਂਦੇ ਹਨ ਜਿਨ੍ਹਾਂ ਦਾ ਸ਼ੁਰੂਆਤੀ ਰੰਗ ਹਰਾ ਅਤੇ ਹੌਲ਼ੀ-ਹੌਲ਼ੀ ਪੱਕ ਕੇ ਲਾਲ-ਕਾਲ਼ਾ ਜਿਹਾ ਹੋ ਜਾਂਦਾ ਹੈ। ਪੱਕਣ ਉਪਰੰਤ ਫਲ਼ਾਂ ਤੇ ਝੁਰੜੀਆਂ ਜਿਹੀਆਂ ਵੀ ਵਿਖਾਈ ਦਿੰਦੀਆਂ ਹਨ, ਜਿਸ ਕਰਕੇ ਇਨ੍ਹਾਂ ਨੂੰ 'ਚਾਈਨੀਜ਼ ਡੇਟ' ਭਾਵ ਚੀਨੀ ਖਜੂਰ ਵੀ ਕਿਹਾ ਜਾਂਦਾ ਹੈ। ਫਲ਼ ਕੱਚੇ ਅਤੇ ਪੱਕੇ ਦੋਨੋਂ ਤਰ੍ਹਾਂ ਖਾਧੇ ਜਾਂਦੇ ਹਨ, ਜਿਨ੍ਹਾਂ ਵਿੱਚ ਹਲਕਾ ਜਿਹਾ ਸੇਬ ਵਰਗਾ ਸਵਾਦ ਹੁੰਦਾ ਹੈ। ਅਫ਼ਗ਼ਾਨਿਸਤਾਨ ਦਾ ਉਨਾਬ ਬਹੁਤ ਬਿਹਤਰੀਨ ਮੰਨਿਆ ਜਾਂਦਾ ਹੈ।

ਆਯੁਰਵੈਦਿਕ, ਯੂਨਾਨੀ, ਚੀਨੀ ਅਤੇ ਜਾਪਾਨੀ ਇਲਾਜ ਪ੍ਰਣਾਲੀਆਂ ਵਿੱਚ ਉਨਾਬ ਦੀ ਵਰਤੋਂ ਹਜ਼ਾਰਾਂ ਸਾਲਾਂ ਤੋਂ ਹੁੰਦੀ ਆ ਰਹੀ ਹੈ। ਇਸ ਫਲ਼ ਵਿੱਚ ਵਿਟਮਿਨ 'ਏ' ਅਤੇ 'ਸੀ' ਪਾਏ ਜਾਂਦੇ ਹਨ। ਇਸ ਰੁੱਖ ਦੇ ਵੱਖ-ਵੱਖ ਭਾਗ ਫਲ਼, ਸੱਕ ਅਤੇ ਜੜ੍ਹਾਂ ਆਦਿ ਅਨੇਕਾਂ ਤਰ੍ਹਾਂ ਨਾਲ਼ ਮਨੁੱਖੀ ਬੀਮਾਰੀਆਂ ਦੇ ਇਲਾਜ ਲਈ ਨੁਸਖ਼ਿਆਂ ਵਿੱਚ ਵਰਤੇ ਜਾਂਦੇ ਹਨ। ਕਬਜ਼ ਅਤੇ ਚਮੜੀ ਰੋਗਾਂ ਲਈ ਬਿਹਤਰੀਨ ਮੰਨਿਆ ਜਾਣ ਤੋਂ ਇਲਾਵਾ ਇਹ ਦਿਲ ਦੇ ਰੋਗ, ਪਾਚਨ-ਪ੍ਰਣਾਲੀ, ਕੈਂਸਰ, ਦਿਮਾਗ, ਫੋੜੇ, ਬੁਖ਼ਾਰ, ਖਾਂਸੀ, ਬਲਗਮ, ਪੇਸ਼ਾਬ, ਜਿਗਰ, ਖ਼ੂਨ-ਸਾਫ਼, ਪੀਲ਼ੀਆ ਆਦਿ ਅਨੇਕਾਂ ਰੋਗਾਂ ਦੇ ਇਲਾਜ ਵਿੱਚ ਵਰਤਿਆ ਜਾਂਦਾ ਹੈ।

ਵੈਦਿਕ ਨੁਸਖ਼ਿਆਂ ਤੋਂ ਇਲਾਵਾ ਵੀ ਰੋਜ਼ਾਨਾ ਜ਼ਿੰਦਗੀ ਵਿੱਚ ਉਨਾਬ ਦਾ ਅਨੇਕਾਂ ਪ੍ਰਕਾਰ ਨਾਲ਼ ਪ੍ਰਯੋਗ ਕੀਤਾ ਜਾਂਦਾ ਹੈ। ਚੀਨ ਦੇ ਲੋਕ ਇਸ ਦੀ ਵਰਤੋਂ ਨਾਲ਼ ਕੌਫ਼ੀ ਨੂੰ ਕੈਫ਼ੀਨ ਮੁਕਤ ਕਰ ਕੇ ਪੀਂਦੇ ਹਨ। ਵੱਖ-ਵੱਖ ਦੇਸ਼ਾਂ ਵਿੱਚ ਇਸ ਤੋਂ ਅਚਾਰ, ਜੈਲੀ, ਸੂਪ, ਸ਼ਰਾਬ, ਕੇਕ, ਜੂਸ ਆਦਿ ਪਦਾਰਥ ਤਿਆਰ ਕੀਤੇ ਜਾਂਦੇ ਹਨ। ਭਾਰਤ ਦੇ ਕਈ ਸੂਬਿਆਂ ਵਿੱਚ ਇਸ ਤੋਂ ਅਨੇਕਾਂ ਪ੍ਰਕਾਰ ਦੇ ਸਨੈਕਸ ਤਿਆਰ ਕੀਤੇ ਜਾਂਦੇ ਹਨ। ਖ਼ੁਸ਼ਕ ਇਲਾਕਿਆਂ ਵਿੱਚ ਇਸ ਰੁੱਖ ਤੋਂ ਚਾਰਕੋਲ ਦੀ ਪ੍ਰਾਪਤੀ ਕੀਤੀ ਜਾਂਦੀ ਹੈ। ਕੁੱਲ ਮਿਲ਼ਾ ਕੇ ਇਹ ਉਨਾਬ ਨਾਮੀ ਰੁੱਖ ਅਨੇਕਾਂ ਪੱਖਾਂ ਤੋਂ ਮਨੁੱਖ ਲਈ ਲਾਭਕਾਰੀ ਹੈ।

ਪੰਜਾਬ ਦੀਆਂ ਸਾਹਿਤਕ ਵੰਨਗੀਆਂ ਵਿੱਚ ਉਨਾਬ ਨੂੰ ਖ਼ੂਬਸੂਰਤ ਹੋਠਾਂ ਨਾਲ਼ ਸੁਮੇਲਿਆ ਨਜ਼ਰ ਆਉਂਦਾ ਹੈ ਜਿਵੇਂ ਕਿ ਬਾਬੂ ਫ਼ੀਰੋਜ਼ਦੀਨ ਸ਼ਰਫ ਦੀ ਕਵਿਤਾ 'ਪੰਜਾਬ ਦਾ ਗੀਤ' ਵਿੱਚ ਹੈ –

ਜੁੜ ਮੁਟਿਆਰਾਂ ਤ੍ਰਿੰਞਣ ਅੰਦਰ, ਚਰਖੇ ਬੈਠ ਘੁਕਾਵਣ !
ਨਾਜ਼ਕ ਬਾਂਹ ਉਲਾਰ ਪਿਆਰੀ, ਤੰਦ ਚਰਖੜੇ ਪਾਵਣ ।
ਸੀਨੇ ਅੱਗਾਂ ਲਾਵਣ ਹੋਠ ਉਨਾਬ ਨੀ ਸਈਓ ।
ਸੋਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਈਓ !


ਅ
ਅੰਬ
(Mangifera indica)

# ਅੰਬ

## *(Mangifera indica)*

'ਅੰਬ' ਸਾਡਾ ਰਾਸ਼ਟਰੀ ਫਲ ਤਾਂ ਹੈ ਹੀ, ਇਹ ਗੁਆਂਢੀ ਮੁਲਕ ਪਾਕਿਸਤਾਨ ਅਤੇ ਫ਼ਿਲਪੀਨਜ਼ ਦੇਸ਼ ਦਾ ਵੀ ਰਾਸ਼ਟਰੀ ਫਲ ਹੈ। 'ਮੈਂਜੀਫ਼ੈਰਾ ਇੰਡੀਕਾ' ਦੇ ਵਿਗਿਆਨਿਕ ਨਾਂ ਨਾਲ਼ ਜਾਣੇ ਜਾਂਦੇ ਅੰਬ ਨੂੰ 'ਫਲ਼ਾਂ ਦਾ ਬਾਦਸ਼ਾਹ' ਦਾ ਦਰਜਾ 'ਅਮੀਰ ਖ਼ੁਸਰੋ' ਨੇ ਦਿੱਤਾ। ਮਨੁੱਖ ਨਾਲ਼ ਅੰਬ ਦੀ ਸਾਂਝ ਹਜ਼ਾਰਾਂ ਸਾਲ ਪੁਰਾਣੀ ਹੈ। ਮਿਥਿਹਾਸ ਦੇ ਪੰਨੇ ਫਰੋਲਦਿਆਂ ਅੰਬ ਦਾ ਜ਼ਿਕਰ ਰਮਾਇਣ, ਮਹਾਂਭਾਰਤ ਵਰਗੀਆਂ ਮਹਾਨ ਕਥਾਵਾਂ ਦੇ ਨਾਲ਼-ਨਾਲ਼ ਗੌਤਮ ਬੁੱਧ ਦੇ ਜੀਵਨ ਵਿੱਚ ਅਤੇ ਕਾਲੀਦਾਸ ਦੀਆਂ ਰਚਨਾਵਾਂ ਵਿੱਚ ਵੀ ਮਿਲ਼ਦਾ ਹੈ। ਸਿੱਖ ਧਰਮ ਵਿੱਚ ਅੰਬ ਦਾ ਸਬੰਧ 7ਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਜੀ ਨਾਲ਼ ਜੁੜਦਾ ਹੈ, ਜਿੰਨ੍ਹਾਂ ਨਾਲ਼ ਸਬੰਧਿਤ ਗੁਰੂਘਰ 'ਅੰਬ ਸਾਹਿਬ' ਮੁਹਾਲੀ ਵਿਖੇ ਸਥਿੱਤ ਹੈ। ਇਸ ਤੋਂ ਇਲਾਵਾ ਗੁਰਬਾਣੀ ਵਿੱਚ ਵੀ 5ਵੇਂ ਪਾਤਸ਼ਾਹ ਜੀ ਨੇ ਫ਼ਰਮਾਇਆ ਹੈ –

ਕੋਕਿਲ ਹੋਵਾ ਅੰਬਿ ਬਸਾ ਸਹਿਜ ਸਬਦ ਬੀਚਾਰੁ॥

ਮੁਗ਼ਲ ਬਾਦਸ਼ਾਹ ਅੰਬਾਂ ਦੇ ਬੜੇ ਸ਼ੌਕੀਨ ਸਨ। ਬਾਦਸ਼ਾਹ ਅਕਬਰ ਨੇ ਬਿਹਾਰ ਦੇ ਸ਼ਹਿਰ ਦਰਭੰਗਾ ਵਿਖੇ ਸੌ ਬਿੱਘਿਆਂ ਵਿੱਚ ਬਾਗ਼ ਲਵਾਇਆ ਸੀ ਜਿੱਥੇ ਰੁੱਖਾਂ ਦੀ ਗਿਣਤੀ ਲੱਖ ਹੋਣ ਕਰਕੇ ਲੋਕ ਲੱਖੀ ਬਾਗ਼ ਸੱਦਦੇ ਸਨ। ਮਹਾਰਾਣੀ ਨੂਰਜਹਾਂ ਅੰਬ ਅਤੇ ਗੁਲਾਬ ਦੀਆਂ ਪੱਤੀਆਂ ਦੇ ਸ਼ਾਹੀ ਰਸ ਦਾ ਸੇਵਨ ਕਰਨ ਦੀ ਖ਼ੂਬ ਸ਼ੌਕੀਨ ਸੀ। ਮਹਾਨ ਸ਼ਾਇਰ ਮਿਰਜ਼ਾ ਗ਼ਾਲਿਬ ਅੰਬਾਂ ਦੇ ਬੇਹੱਦ ਸ਼ੌਕੀਨ ਮੰਨੇ ਜਾਂਦੇ ਸਨ ਅਤੇ ਉੱਘੇ ਲੇਖਕ ਸ੍ਰੀ ਰਬਿੰਦਰ ਨਾਥ ਟੈਗੋਰ ਦੀਆਂ ਕਵਿਤਾਵਾਂ ਵਿੱਚ ਵੀ ਅੰਬਾਂ ਦਾ ਜ਼ਿਕਰ ਵੇਖਣ ਨੂੰ ਮਿਲ਼ਦਾ ਹੈ।

ਪੰਜਾਬ ਵਿੱਚ ਜਦ ਅੰਬਾਂ ਦੀ ਗੱਲ ਛਿੜਦੀ ਹੈ ਤਾਂ "ਅੰਬੀਆਂ ਨੂੰ ਤਰਸੇਂਗੀ, ਛੱਡ ਕੇ ਦੇਸ਼ ਦੁਆਬਾ" ਲੋਕ ਤੁਕ ਜ਼ਿਹਨ 'ਚ ਘੁੰਮਣ ਲੱਗਦੀ ਹੈ ਜੋ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਪੰਜਾਬ ਦਾ ਦੁਆਬਾ ਖੇਤਰ ਅੰਬਾਂ ਦੀਆਂ ਕਿਸਮਾਂ ਦੀ ਵਿਲੱਖਣਤਾ ਦਾ ਘਰ ਹੈ। ਦੁਆਬੇ ਦੇ ਪੁਰਾਣੇ ਅੰਬਾਂ ਦੇ ਬਾਗ਼ਾਂ ਦੇ ਬਾਰੇ ਗੱਲ ਕਰਦਿਆਂ ਇਨਾਮੀ ਬਾਗ਼, ਕਾਲ਼ਾ ਬਾਗ਼, ਮਹੰਤਾਂ ਦਾ ਬਾਗ਼, ਚੌਧਰੀਆਂ ਦਾ ਬਾਗ਼ ਆਦਿ ਮੁੱਖ ਰੂਪ ਵਿੱਚ ਸਾਹਮਣੇ ਆਉਂਦੇ ਹਨ, ਜਿੱਥੇ ਕਦੇ ਅੰਬਾਂ ਦੀਆਂ ਅਨੇਕਾਂ ਹੀ ਵਿਰਾਸਤੀ ਕਿਸਮਾਂ ਜਿਵੇਂ ਕਿ ਇਨਾਮੀ, ਇਨਾਮੀ ਛੱਲੀ, ਕੁਕਿਆਂ ਦੀ ਛੱਲੀ, ਗੋਲ਼ਾ, ਆੜੂ, ਸੌਂਫੀ, ਲਾਲਟੇਣ, ਲੱਡੂ, ਬੇਰ, ਲਾਲ ਪਰੀ, ਲੈਚੀ ਆਦਿ ਮਿਲਦੀਆਂ ਸਨ। ਅਜਿਹੀਆਂ ਵਿਰਾਸਤੀ ਕਿਸਮਾਂ ਨੂੰ ਸੰਭਾਲਣ ਖਾਤਿਰ ਹੀ ਡਾ. ਮਹਿੰਦਰ ਸਿੰਘ ਰੰਧਾਵਾ ਜੀ ਨੇ ਗੰਗੀਆਂ ਵਿਖੇ ਅੰਬ ਖੋਜ ਕੇਂਦਰ ਸਥਾਪਿਤ ਕਰਵਾਇਆ। ਡਾ. ਰੰਧਾਵਾ ਚਿੰਤਾ ਤੇ ਪ੍ਰੇਸ਼ਾਨੀ 'ਚ ਘਿਰੇ ਅਧਿਕਾਰੀਆਂ/ਕਰਮਚਾਰੀਆਂ ਨੂੰ ਅਕਸਰ ਸਲਾਹ ਦਿੰਦੇ ਸਨ ਕਿ ਪੰਦਰਾਂ ਦਿਨਾਂ ਲਈ ਦੁਆਬੇ ਜਾਓ ਤੇ ਅੰਬ ਚੂਪੋ, ਭੁੱਲ ਜਾਓ ਕਿ ਤੁਸੀਂ ਪੜ੍ਹੇ ਲਿਖੇ ਹੋ।

ਅੰਬ ਦੀ ਉਮਰ ਜੰਗਲ਼ੀ ਰੂਪ ਵਿੱਚ 300 ਸਾਲ ਵੀ ਵੇਖੀ ਗਈ ਹੈ। ਭਾਰਤ ਵਿੱਚ ਅੰਬਾਂ ਦੀਆਂ ਇੱਕ ਹਜ਼ਾਰ ਤੋਂ ਵੱਧ ਕਿਸਮਾਂ ਪਾਈਆਂ ਜਾਂਦੀਆਂ ਹਨ, ਜੋ ਕੰਨਿਆਕੁਮਾਰੀ ਤੋਂ ਹਿਮਾਲਿਆ ਦੇ ਇਲਾਕਿਆਂ ਤੱਕ ਅਤੇ ਪੰਜਾਬ ਤੋਂ ਆਸਾਮ ਤੱਕ ਵੇਖਣ ਨੂੰ ਮਿਲਦੀਆਂ ਹਨ। ਹਾਲਾਂਕਿ ਅੰਬ ਦਾ ਵਾਧਾ ਬੀਜ/ਗਿਟਕ ਤੋਂ ਵੀ ਹੋ ਜਾਂਦਾ ਹੈ ਪ੍ਰੰਤੂ ਪਿਓਂਦ ਵਿਧੀ ਖ਼ੂਬ ਪ੍ਰਚੱਲਿਤ ਹੈ। ਲੋਕ ਅੰਬ ਚੂਪਣ ਤੋਂ ਇਲਾਵਾ ਇਨ੍ਹਾਂ ਤੋਂ ਅਚਾਰ, ਮੁਰੱਬਾ, ਜੂਸ, ਜੈਮ, ਜੈਲੀ, ਚਟਣੀ, ਅੰਬ ਪਾਪੜ, ਅੰਬਚੂਰ, ਮਲਾਂਜੀ ਵਰਗੇ ਉਤਪਾਦ ਤਿਆਰ ਕਰਦੇ ਹਨ। ਵੈਦਿਕ ਨੁਸਖ਼ਿਆਂ ਵਿੱਚ ਅੰਬ ਦਾ ਉਪਯੋਗ ਬਹੁਤ ਹੁੰਦਾ ਹੈ ਜੋ ਅਨੇਕਾਂ ਮਨੁੱਖੀ ਬੀਮਾਰੀਆਂ ਨੂੰ ਠੀਕ ਕਰਨ ਲਈ ਵਰਤੇ ਜਾਂਦੇ ਹਨ। ਅੰਬ ਦਾ ਸਬੰਧ ਕੋਇਲ ਦੇ ਕੂਕਣ ਤੇ ਠੰਡੀਆਂ ਥਾਂਵਾਂ ਨਾਲ਼ ਬੇਹੱਦ ਪੁਰਾਣਾ ਹੈ। ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਅੰਬੀ ਦਾ ਬੂਟਾ' ਬਾ-ਕਮਾਲ ਹੈ –

ਇੱਕ ਬੂਟਾ ਅੰਬੀ ਦਾ  
ਘਰ ਸਾਡੇ ਲੱਗਾ ਨੀ  
ਜਿਸ ਥੱਲੇ ਬਹਿਣਾ ਨੀ  
ਸੁਰਗਾਂ ਵਿੱਚ ਰਹਿਣਾ ਨੀ....

# ੲ ਇਮਲੀ
*(Tamarindus indica)*



# ਇਮਲੀ

***(Tamarindus indica)***

ਇਮਲੀ ਦੇ ਰੁੱਖ ਅਤੇ ਇਸ ਨੂੰ ਲੱਗਣ ਵਾਲ਼ੇ ਫਲ ਦਾ ਸਬੰਧ ਮਨੁੱਖ ਨਾਲ਼ ਬੇਹੱਦ ਪੁਰਾਣਾ ਹੈ। ਇਮਲੀ ਦਾ ਜ਼ਿਕਰ ਰਮਾਇਣ ਵਿੱਚ ਵੀ ਆਉਂਦਾ ਹੈ ਜਿਸ ਵਿੱਚ ਭਗਵਾਨ ਰਾਮ, ਸੀਤਾ ਅਤੇ ਲਕਸ਼ਮਣ ਨਾਲ਼ ਸਬੰਧਿਤ ਬਨਵਾਸ ਕੱਟਣ ਵੇਲੇ ਦੀ ਘਟਨਾ ਸ਼ਾਮਿਲ ਹੈ। ਸਿੱਖ ਇਤਿਹਾਸ ਵਿੱਚ ਗੁਰਦੁਆਰਾ ਇਮਲੀ ਸਾਹਿਬ ਨਾਮੀ ਦੋ ਸਥਾਨਾਂ ਦੀ ਗੱਲ ਸਾਹਮਣੇ ਆਉਂਦੀ ਹੈ, ਜਿਨ੍ਹਾ ਵਿੱਚੋਂ ਇੱਕ ਮੱਧ ਪ੍ਰਦੇਸ਼ ਸੂਬੇ ਦੇ ਸ਼ਹਿਰ ਇੰਦੌਰ ਅਤੇ ਦੂਸਰਾ ਪੰਜਾਬ ਦੇ ਰੋਪੜ ਜ਼ਿਲ੍ਹੇ ਵਿੱਚ ਕੀੜੀ ਅਫ਼ਗਾਨਾਂ ਵਿਖੇ ਸਸ਼ੋਭਿਤ ਹਨ।

ਇਮਲੀ ਦਾ ਵਿਗਿਆਨਿਕ ਨਾਂ 'ਟੈਮੇਰਿੰਡਸ ਇੰਡੀਕਾ' ਹੈ। 'ਟੈਮੇਰਿੰਡਸ' ਫ਼ਾਰਸੀ ਭਾਸ਼ਾ ਦੇ ਸ਼ਬਦ (ਤਮਰ-ਇ-ਹਿੰਦ) ਤੋਂ ਪਿਆ ਹੈ, ਜਿਸ ਦਾ ਭਾਵ ਹੈ ਹਿੰਦ ਦੀ ਖਜੂਰ। ਇੰਡੀਕਾ ਇਸ ਗੱਲ ਦੇ ਵੱਲ ਸੰਕੇਤ ਕਰਦਾ ਹੈ ਕਿ ਇਸ ਦਾ ਮੂਲ ਸਥਾਨ ਭਾਰਤ ਹੋ ਸਕਦਾ ਹੈ। ਬੇਸ਼ੱਕ ਜਦੀਦ ਖੋਜਾਂ ਨਾਲ਼ ਇਮਲੀ ਦਾ ਮੂਲ ਸਥਾਨ ਤਪਤਕੰਡੀ ਅਫ਼ਰੀਕਾ ਸਾਬਿਤ ਹੋ ਗਿਆ ਹੈ ਪ੍ਰੰਤੂ ਭਾਰਤ ਵਿੱਚ ਇਸ ਦੀ ਵਰਤੋਂ ਦਾ ਜ਼ਿਕਰ ਈਸਾ ਪੂਰਵ 1200 ਸਾਲ ਤੋਂ ਵੀ ਪਹਿਲਾਂ ਮਿਲਦਾ ਹੈ। ਅੱਜਕੱਲ੍ਹ ਇਮਲੀ ਦੀ ਪੈਦਾਵਾਰ ਵਿੱਚ ਭਾਰਤ ਮੋਹਰੀ ਹੈ। ਹਾਲਾਂਕਿ ਇਮਲੀ ਦਾ ਰੁੱਖ ਭਾਰਤ ਦੇ ਅਨੇਕਾਂ ਸੂਬਿਆਂ ਵਿੱਚ ਉੱਗਿਆ ਵਿਖਾਈ ਦਿੰਦਾ ਹੈ ਪ੍ਰੰਤੂ ਇਹ ਜ਼ਿਆਦਾਤਰ ਗਰਮ ਇਲਾਕਿਆਂ ਵਿੱਚ ਬਿਹਤਰ ਵੱਧਦਾ-ਫੁੱਲਦਾ ਹੈ ਅਤੇ ਭਾਰਤ ਦੇ ਦੱਖਣੀ ਸੂਬੇ ਵਪਾਰਿਕ ਖੇਤੀ ਲਈ ਢੁੱਕਵੇਂ ਮੰਨੇ ਜਾਂਦੇ ਹਨ। ਤਾਮਿਲਨਾਡੂ ਵਿੱਚ ਇਮਲੀ ਨੂੰ ਬਹੁਤ ਪਸੰਦ ਕੀਤਾ ਜਾਂਦਾ ਹੈ।

ਇਮਲੀ ਦਾ ਛਤਰ ਫੈਲਵਾਂ, ਸੱਕ ਖੁਰਦਰਾ ਅਤੇ ਚੀਰਾਂ ਵਾਲ਼ਾ ਹੁੰਦਾ ਹੈ ਜਿਸ ਦਾ ਰੰਗ ਗੂੜ੍ਹਾ ਭੂਰਾ ਅਤੇ ਘਸਮੈਲਾ ਹੁੰਦਾ ਹੈ। ਇਮਲੀ ਦੇ ਪੱਤੇ ਬਾਰੀਕ-ਬਾਰੀਕ ਅਤੇ ਫੁੱਲ ਲਾਲ-ਪੀਲ਼ੇ ਰੰਗ ਦੇ ਚਿਤਰ-ਮਿਤਰੇ ਜਿਹੇ ਹੁੰਦੇ ਹਨ। ਅਪ੍ਰੈਲ ਤੋਂ ਜੂਨ ਮਹੀਨੇ ਦੌਰਾਨ ਖਿੜੇ ਫੁੱਲ ਸਮਾਂ ਪਾ ਕੇ ਰੇਸ਼ੇਦਾਰ 'ਤੇ ਤੇਜ਼ਾਬੀ ਗੁੱਦੇ ਵਾਲ਼ੀਆਂ ਫਲ਼ੀਆਂ ਵਿੱਚ ਤਬਦੀਲ ਹੋ ਜਾਂਦੇ ਹਨ। ਫਲ਼ੀਆਂ ਵਿੱਚ ਚਮਕਦਾਰ ਬੀਜ ਹੁੰਦੇ ਹਨ ਜਿਨ੍ਹਾਂ ਦੀ ਗਿਣਤੀ ਤਿੰਨ ਤੋਂ ਬਾਰਾਂ ਤੱਕ ਹੋ ਸਕਦੀ ਹੈ।

ਇਮਲੀ ਨੂੰ ਵੱਖ-ਵੱਖ ਖਾਣਯੋਗ ਪਦਾਰਥਾਂ ਨੂੰ ਸੁਆਦਲੇ ਬਣਾਉਣ ਲਈ ਵਰਤਿਆ ਜਾਂਦਾ ਹੈ। ਫਲ਼ਾਂ ਦੇ ਗੁੱਦੇ ਨੂੰ ਸ਼ਰਬਤ, ਚੱਟਣੀਆਂ, ਜੈਮ, ਮਸਾਲੇ ਆਦਿ ਬਣਾਉਣ ਲਈ ਵਰਤਿਆ ਜਾਂਦਾ ਹੈ। ਕਈ ਲੋਕ ਇਸ ਦੇ ਪੱਤੇ 'ਤੇ ਫੁੱਲਾਂ ਨੂੰ ਖਾਣਾ ਵੀ ਪਸੰਦ ਕਰਦੇ ਹਨ। ਪੁਰਾਣੇ ਵੇਲ਼ਿਆਂ ਤੋਂ ਇਮਲੀ ਦੇ ਗੁੱਦੇ ਨੂੰ ਤਾਂਬੇ, ਕਾਂਸੀ, ਅਤੇ ਪਿੱਤਲ ਆਦਿ ਧਾਤਾਂ ਤੇ ਪਾਲਿਸ਼ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ। ਬਾਂਦਰ ਇਸ ਦੀਆਂ ਫਲ਼ੀਆਂ ਬੜੇ ਸ਼ੌਕ ਨਾਲ਼ ਖਾਂਦੇ ਹਨ ਅਤੇ ਬੀਜ ਖਿੰਡਾਉਣ ਵਿੱਚ ਸਹਾਈ ਹੁੰਦੇ ਹਨ।

ਵੈਦਿਕ ਗੁਣਾਂ ਦੀ ਗੱਲ ਕਰੀਏ ਤਾਂ ਇਮਲੀ ਦੇ ਵੱਖ-ਵੱਖ ਭਾਗਾਂ ਤੋਂ ਅਨੇਕਾਂ ਮਨੁੱਖੀ ਬੀਮਾਰੀਆਂ ਜਿਵੇਂ ਕਿ ਕਬਜ਼, ਪਾਚਨ-ਪ੍ਰਣਾਲੀ, ਦਿਲ, ਬਲੱਡ ਸ਼ੂਗਰ, ਚਮੜੀ ਰੋਗ, ਬਵਾਸੀਰ, ਲੂ, ਜਿਗਰ, ਜ਼ਖਮ, ਬੁਖ਼ਾਰ, ਭੁੱਖ ਵਧਾਉਣ ਆਦਿ ਦੇ ਇਲਾਜ ਲਈ ਨੁਸਖ਼ੇ ਤਿਆਰ ਕੀਤੇ ਜਾਂਦੇ ਹਨ। ਇਮਲੀ ਦੇ ਘੋਲ ਨੂੰ ਨਸ਼ਾ ਉਤਾਰਨ ਲਈ ਵੀ ਵਰਤਿਆ ਜਾਂਦਾ ਰਿਹਾ ਹੈ। ਇਸ ਦੀ ਲੱਕੜ ਬਹੁਤ ਸਖ਼ਤ ਹੁੰਦੀ ਹੈ ਅਤੇ ਮਿਸਤਰੀਆਂ ਨੂੰ ਕੰਮ ਕਰਨ ਵਿੱਚ ਔਖ ਹੁੰਦੀ ਹੈ। ਬਾਰੀਕ ਮੀਨਾਕਾਰੀ ਤੋਂ ਇਲਾਵਾ ਘੋਟਣੇ, ਮੁੰਗਲੀਆਂ, ਉਖਲੀਆਂ, ਕੂੰਡੀਆਂ ਅਤੇ ਕੋਹਲੂ ਆਦਿ ਅਨੇਕਾਂ ਘਰੇਲੂ ਵਸਤਾਂ ਬਣਾਈਆਂ ਜਾਂਦੀਆਂ ਹਨ। ਇਮਲੀ ਦੇ ਅਨੇਕਾਂ ਉਪਯੋਗਾਂ ਤੋਂ ਇਲਾਵਾ ਸਮੋਸਿਆਂ ਨਾਲ਼ ਚਟਣੀ ਅਤੇ ਗੋਲ਼-ਗੱਪਿਆਂ ਦੇ ਪਾਣੀ ਵਿੱਚ ਵਰਤੋਂ ਭਾਰਤੀਆਂ ਲਈ ਬੇਹੱਦ ਅਹਿਮ ਹੈ।

ਪੰਜਾਬੀ ਲੋਕ ਗੀਤਾਂ ਵਿੱਚ ਇਮਲੀ ਕੁਝ ਇਸ ਤਰ੍ਹਾਂ ਸੁਆਦ ਘੋਲਦੀ ਹੈ: -

ਅੰਬ ਕੋਲ਼ੇ ਇੰਬਲੀ ਨੀ ਜੰਡ ਕੋਲ਼ੇ ਟਾਹਲੀ,  
ਅਕਲਾਂ ਬਿਨਾਂ ਨੀ ਗੋਰਾ ਰੰਗ ਜਾਵੇ ਖਾਲੀ।

# ਸ ਸਿੰਮਲ

*(Bombax ceiba)*



# ਸਿੰਮਲ

***(Bombax ceiba)***

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥ (ਮ:1)

ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਰਿਗਵੇਦ ਵਿੱਚ ਜ਼ਿਕਰ ਵਾਲ਼ੇ ਖ਼ੂਬਸੂਰਤ ਰੁੱਖ ਸਿੰਮਲ (ਸਿੰਬਲ) ਦਾ ਇਤਿਹਾਸ ਸਦੀਆਂ ਪੁਰਾਣਾ ਹੈ ਅਤੇ ਇਹ ਰੁੱਖ ਅਨੁਕੂਲ ਹਾਲਾਤਾਂ ਵਿੱਚ ਕਈ ਸੌ ਸਾਲ ਤੱਕ ਦੀ ਉਮਰ ਭੋਗਦਾ ਹੈ। ਨਦੀਆਂ-ਨਾਲ਼ਿਆਂ ਦੇ ਨੇੜੇ ਸਿੱਲ੍ਹੇ ਸਥਾਨਾਂ ਵਿੱਚ ਇਸ ਦੀ ਉਚਾਈ ਸੌ ਫੁੱਟ ਤੱਕ ਵੀ ਪੁੱਜ ਜਾਂਦੀ ਹੈ। ਇਸ ਦਾ ਵਿਗਿਆਨਿਕ ਨਾਂ 'ਬੌਮਬੈਕਸ ਸੀਬਾ' ਹੈ।

ਪੱਤਰਹੀਣ ਰੁੱਖਾਂ ਉੱਪਰ ਸ਼ੋਖ਼ ਕਿਰਮਚੀ ਲਾਲ, ਭਗਵੇਂ ਜਾਂ ਹਲਕੇ ਪੀਲ਼ੇ ਰੰਗਾਂ ਦੇ ਫੁੱਲ ਮਾਰਚ ਮਹੀਨੇ ਸਾਡੇ ਚੌਗਿਰਦੇ ਵਿੱਚ ਪੂਰੀ ਬਹਾਰ ਲਾਉਂਦੇ ਹਨ। ਹਸੀਨ ਫੁੱਲਾਂ ਦਾ ਰਸ ਚੂਸਨ ਪਹੁੰਚੇ ਭੌਰੇ, ਕਾਂ, ਬੁਲਬੁਲ, ਮੈਨਾ ਆਦਿ ਅਨੇਕਾਂ ਪੰਛੀ ਅਤੇ ਛੋਟੇ ਜਾਨਵਰ ਰੁੱਖ ਨੂੰ ਚਿੜੀਆ-ਘਰ ਦਾ ਰੂਪ ਦੇ ਦਿੰਦੇ ਹਨ ਅਤੇ ਕੁਦਰਤ ਨਾਲ਼ ਮੋਹ ਰੱਖਣ ਵਾਲ਼ੇ ਮਨੁੱਖ ਲਈ ਨਜ਼ਾਰਾ ਬੜਾ ਦਿਲਕਸ਼ ਜਾਪਦਾ ਹੈ। ਫੁੱਲ ਖ਼ਤਮ ਹੁੰਦਿਆਂ ਹੀ ਰੁੱਖ ਹਥੇਲੀ-ਨੁਮਾ ਪੱਤਿਆਂ ਨਾਲ਼ ਭਰਨਾ ਸ਼ੁਰੂ ਹੋ ਜਾਂਦਾ ਹੈ। ਅੱਤ ਦੀ ਗਰਮੀ ਦੇ ਦਿਨੀਂ ਮਨੁੱਖਾਂ ਅਤੇ ਜਾਨਵਰਾਂ ਲਈ ਛਾਂ ਰੁੱਖ ਵਜੋਂ ਕੰਮ ਆਉਂਦਾ ਹੈ। ਰੁੱਖ ਦੇ ਤਣੇ ਉੱਪਰ ਨਿਕਲ਼ੇ ਤਿੱਖੇ-ਨੁਕੀਲੇ ਕੰਡੇ ਸਿੰਮਲ ਦੀ ਪਹਿਚਾਣ ਦੂਰੋਂ ਕਰਵਾਉਣ ਦੇ ਨਾਲ਼-ਨਾਲ਼ ਜਾਨਵਰਾਂ ਵੱਲੋਂ ਕੀਤੇ ਜਾਣ ਵਾਲ਼ੇ ਉਜਾੜੇ ਤੋਂ ਵੀ ਬਚਾਅ ਕਰਨ ਵਿੱਚ ਸਹਾਈ ਹੁੰਦੇ ਹਨ। ਅਪ੍ਰੈਲ-ਮਈ ਦੇ ਦਿਨੀਂ ਰੁੱਖ ਉੱਪਰ ਸਖ਼ਤ ਖੋਲਦਾਰ ਕੈਪਸੂਲ-ਨੁਮਾ ਫਲ਼ ਦਿਖਣੇ ਸ਼ੁਰੂ ਹੋ ਜਾਂਦੇ ਹਨ, ਜੋ ਸਮਾਂ ਪਾ ਕੇ ਪਾਟ ਜਾਂਦੇ ਹਨ ਅਤੇ ਉਨ੍ਹਾਂ ਵਿੱਚੋਂ ਰੂੰ ਨਿਕਲ਼ਦੀ ਵਿਖਾਈ ਦਿੰਦੀ ਹੈ। ਇਸੇ ਕਰਕੇ ਸਿੰਮਲ ਨੂੰ 'ਕਾਟਨ ਟ੍ਰੀ' ਜਾਂ 'ਰੈੱਡ ਸਿਲਕ ਕਾਟਨ ਟ੍ਰੀ' ਦੇ ਨਾਵਾਂ ਨਾਲ਼ ਵੀ ਜਾਣਿਆ ਜਾਂਦਾ। ਇਸ ਰੂੰ ਤੋਂ ਕੱਪੜੇ ਤਾਂ ਨਹੀਂ ਤਿਆਰ ਕੀਤੇ ਜਾਂਦੇ ਪ੍ਰੰਤੂ ਕੁਝ ਲੋਕ ਇਸ ਰੂੰ ਤੋਂ ਸਿਰਹਾਣੇ ਅਤੇ ਗੱਦੀਆਂ ਆਦਿ ਭਰਨ ਦਾ ਕੰਮ ਲੈਂਦੇ ਹਨ। ਰੂੰ ਨੂੰ ਹਲਕੇਪਣ ਸਦਕਾ ਤਾਪਮਾਨ ਰੋਧਕ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਇਸੇ ਰੂੰ ਨੂੰ ਜੀਵਨ ਰੱਖਿਅਕ ਜਾਕਟਾਂ ਵਿੱਚ ਵੀ ਵਰਤਿਆ ਜਾਂਦਾ ਹੈ ਜੋ ਪਾਣੀ ਵਿੱਚ ਕੰਮ ਆਉਂਦੀਆਂ ਹਨ।

ਪੁਰਾਣੇ ਵੇਲ਼ਿਆਂ ਵਿੱਚ ਸਿੰਮਲ ਦੇ ਵੱਖ-ਵੱਖ ਭਾਗਾਂ ਨੂੰ ਅਨੇਕਾਂ ਮਨੁੱਖੀ ਬਿਮਾਰੀਆਂ ਦੇ ਇਲਾਜ ਲਈ ਨੁਸਖ਼ਿਆਂ ਵਿੱਚ ਵਰਤਣ ਦੇ ਤੱਥ ਨਜ਼ਰ ਆਉਂਦੇ ਹਨ। ਕੁਝ ਇਲਾਕਿਆਂ ਵਿੱਚ ਲੋਕ ਇਸ ਦੇ ਫੁੱਲਾਂ ਅਤੇ ਫਲ਼ਾਂ ਦੀ ਸਬਜ਼ੀ, ਸੂਪ ਆਦਿ ਅਨੇਕਾਂ ਖਾਣਯੋਗ ਪਦਾਰਥ ਵੀ ਬਣਾਉਂਦੇ ਹਨ। ਇਸ ਦੇ ਤਣੇ ਵਿੱਚੋਂ ਗੂੰਦ ਵੀ ਨਿਕਲ਼ਦੀ ਹੈ ਜਿਸ ਨੂੰ 'ਮੋਚਰਸ' ਦੇ ਨਾਮ ਨਾਲ਼ ਜਾਣਿਆ ਜਾਂਦਾ ਹੈ ਅਤੇ ਇਸ ਨੂੰ ਵੀ ਅਨੇਕਾਂ ਨੁਸਖ਼ਿਆਂ ਵਿੱਚ ਵਰਤਿਆ ਜਾਂਦਾ ਹੈ। ਇਸ ਦੀ ਨਰਮ ਲੱਕੜ ਮਾਚਿਸ ਦੀਆਂ ਤੀਲ੍ਹੀਆਂ ਅਤੇ ਪੈਕਿੰਗ ਲਈ ਪੇਟੀਆਂ ਬਣਾਉਣ ਦੇ ਕੰਮ ਆਉਂਦੀ ਹੈ। ਭਾਰਤ ਤੋਂ ਇਲਾਵਾ ਇਹ ਰੁੱਖ ਗੁਆਂਢੀ ਮੁਲਕਾਂ ਪਾਕਿਸਤਾਨ, ਮੀਆਂਮਾਰ, ਨੇਪਾਲ, ਥਾਈਲੈਂਡ, ਮਲੇਸ਼ੀਆ ਅਤੇ ਚੀਨ ਆਦਿ ਵਿੱਚ ਵੀ ਵੇਖਣ ਨੂੰ ਮਿਲ਼ਦਾ ਹੈ ਅਤੇ ਲੋਕ ਇਸ ਨੂੰ ਵੱਖ-ਵੱਖ ਤਰੀਕਿਆਂ ਨਾਲ਼ ਵਰਤੋਂ ਵਿੱਚ ਲਿਆਉਂਦੇ ਹਨ। ਅਕਸਰ ਲੋਕ ਇਸ ਦੀ ਚਾਹ ਜਾਂ ਕਾੜ੍ਹਾ ਵੀ ਪੀਂਦੇ ਹਨ।

ਸਿੰਮਲ ਨੂੰ ਅਸੀਂ ਬੀਜ ਅਤੇ ਕਲਮ ਦੋਨਾਂ ਤਰੀਕਿਆਂ ਨਾਲ਼ ਘਰੇਲੂ ਜਾਂ ਵਪਾਰਕ ਨਰਸਰੀਆਂ ਵਿੱਚ ਤਿਆਰ ਕਰ ਸਕਦੇ ਹਾਂ। ਹਾਲਾਂਕਿ ਵੱਡੀਆਂ ਨਰਸਰੀਆਂ ਨੇ ਬੋਰਿਆਂ-ਗੱਟਿਆਂ ਵਿੱਚ ਕਾਫ਼ੀ ਵੱਡੇ ਆਕਾਰ ਦੇ ਰੁੱਖ ਵੀ ਵੇਚਣ ਲਈ ਰੱਖੇ ਹੁੰਦੇ ਹਨ। ਰੁੱਖ ਦਾ ਆਕਾਰ ਵੱਡਾ ਹੋਣ ਕਰਕੇ ਇਸ ਨੂੰ ਸੜਕਾਂ ਦੁਆਲੇ ਲਾਉਣ ਦੀ ਬਜਾਏ ਖੁੱਲ੍ਹੇ ਖੇਤਰਾਂ ਵਿੱਚ ਲਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ।

Society for Conservation & Healing of Environment

# ਹ ਹਾਰ ਸ਼ਿੰਗਾਰ

*(Nyctanthes arbor-tristis)*









# ਹਾਰ ਸ਼ਿੰਗਾਰ

**(*Nyctanthes arbor-tristis*)**

ਹਸੀਨ ਫੁੱਲਾਂ ਵਾਲ਼ੇ ਛੋਟੇ ਕੱਦ ਦੇ ਇਸ ਰੁੱਖ ਨੂੰ ਹਾਰ ਸ਼ਿੰਗਾਰ ਤੋਂ ਇਲਾਵਾ ਪਰਿਜਾਤ, ਪਾਰਜਾਤ, ਕੋਰਲ ਜੈਸਮੀਨ ਜਾਂ ਨਾਈਟ ਜੈਸਮੀਨ ਆਦਿ ਨਾਵਾਂ ਨਾਲ਼ ਵੀ ਜਾਣਿਆ ਜਾਂਦਾ ਹੈ ਅਤੇ ਇਸ ਦਾ ਵਿਗਿਆਨਿਕ ਨਾਂ 'ਨਿਕਟੈਂਥਸ ਆਰਬੋਰ-ਟ੍ਰਿਸਟਿਸ' ਹੈ। ਹਿੰਦੂ ਮਿਥਿਹਾਸ ਵਿੱਚ ਇਸ ਰੁੱਖ ਦਾ ਜ਼ਿਕਰ ਵਿਸ਼ੇਸ਼ ਰੂਪ ਵਿੱਚ ਵੇਖਣ ਨੂੰ ਮਿਲ਼ਦਾ ਹੈ। ਮੰਨਿਆ ਜਾਂਦਾ ਹੈ ਕਿ ਇਹ ਸਵਰਗ ਦੇ ਪੰਜ ਰੁੱਖਾਂ ਵਿੱਚੋਂ ਇਕ ਹੈ ਅਤੇ ਇਸ ਦੀ ਉਤਪਤੀ ਸਾਗਰ ਮੰਥਨ ਸਮੇਂ ਹੋਈ ਸੀ। ਇਸ ਦਾ ਸਬੰਧ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨਾਲ਼ ਵੀ ਜੁੜਦਾ ਹੈ ਜੋ ਕਿ ਇਸ ਨੂੰ ਆਪਣੀ ਪਤਨੀ ਸਤਯਭਾਮਾ ਲਈ ਸਵਰਗ ਤੋਂ ਲੈ ਕੇ ਆਏ ਸਨ। ਇੱਕ ਹੋਰ ਕਹਾਣੀ ਅਨੁਸਾਰ ਇੱਕ ਰਾਜੇ ਦੀ ਧੀ ਸੀ 'ਪਰਿਜਾਤ' ਜਿਸ ਨੂੰ ਸੂਰਜ ਦੇਵਤਾ ਨਾਲ਼ ਮੁਹੱਬਤ ਹੋ ਗਈ ਸੀ 'ਤੇ ਉਹ ਇੰਤਜ਼ਾਰ ਕਰਦੀ-ਕਰਦੀ ਰਾਖ ਹੋ ਗਈ। ਉਸੇ ਦੀ ਰਾਖ ਵਿੱਚੋਂ ਇਸ ਫੁੱਲਦਾਰ ਰੁੱਖ ਦੀ ਉਤਪਤੀ ਹੋਈ ਅਤੇ ਲੋਕਾਂ ਦਾ ਕਹਿਣਾ ਹੈ ਕਿ ਤਾਂ ਹੀ ਇਸ ਦੇ ਫੁੱਲ ਸੂਰਜ ਨਿਕਲ਼ਣ ਤੋਂ ਪਹਿਲਾਂ ਹੀ ਝੜ ਜਾਂਦੇ ਹਨ। ਇਸੇ ਕਰਕੇ ਇਸ ਨੂੰ 'ਟ੍ਰੀ ਆਫ ਸੌਰੋ' ਵੀ ਕਿਹਾ ਜਾਂਦਾ ਹੈ।

ਪੁਰਾਤਨ ਮੰਦਰਾਂ ਅਤੇ ਮਜ਼ਾਰਾਂ ਕੋਲ ਇਹ ਰੁੱਖ ਵਿਸ਼ੇਸ਼ ਤੌਰ ਤੇ ਲੱਗਿਆ ਵੇਖਣ ਨੂੰ ਮਿਲ਼ਦਾ ਸੀ। ਬੋਧੀ ਲੋਕ ਇਸ ਦੇ ਫੁੱਲਾਂ ਨੂੰ ਆਪਣੇ ਚੋਲੇ ਰੰਗਣ ਲਈ ਵਰਤਦੇ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਾਰਜਾਤ ਦਾ ਜ਼ਿਕਰ ਕਈ ਵਾਰ ਵੇਖਣ ਨੂੰ ਮਿਲ਼ਦਾ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ -

ਬਿਰਖ ਜਮਿਓ ਹੈ ਪਾਰਜਾਤ॥
ਫੂਲ ਲਗੇ ਫਲ ਰਤਨ ਭਾਂਤਿ॥

ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਇਹ ਰੁੱਖ ਜੰਗਲ਼ੀ ਰੂਪ ਵਿੱਚ ਮਿਲ਼ਦਾ ਹੈ। ਤਕਰੀਬਨ 15-20 ਫੁੱਟ ਤੱਕ ਦੀ ਉਚਾਈ ਤੱਕ ਜਾਣ ਵਾਲ਼ੇ ਇਸ ਪਤਝੜੀ ਰੁੱਖ ਦੇ ਪੱਤੇ ਜੋੜਿਆਂ ਦੇ ਰੂਪ ਵਿੱਚ ਆਹਮੋ-ਸਾਹਮਣੇ ਨਿਕਲ਼ਦੇ ਹਨ ਜੋ ਉਪਰਲੇ ਪਾਸਿਓ ਬਹੁਤ ਖੁਰਦਰੇ ਅਤੇ ਹੇਠਲੇ ਪਾਸਿਓਂ ਲੂੰਦਾਰ ਅਤੇ ਨਰਮ ਪ੍ਰਤੀਤ ਹੁੰਦੇ ਹਨ। ਸਤੰਬਰ ਮਹੀਨੇ ਦੌਰਾਨ ਰੁੱਖ ਫੁੱਲਾਂ ਨਾਲ਼ ਭਰਿਆ ਨਜ਼ਰ ਆਉਂਦਾ ਹੈ।

ਫੁੱਲਾਂ ਦਾ ਰੰਗ ਸਫ਼ੈਦ, ਪਰ ਹੇਠਲੀ ਨਲੀ ਦਾ ਰੰਗ ਨਾਰੰਗੀ/ਕੇਸਰੀ ਹੁੰਦਾ ਹੈ। ਡਿੱਗੇ ਹੋਏ ਫੁੱਲ ਖ਼ੂਬਸੂਰਤ ਨਜ਼ਾਰਾ ਪੇਸ਼ ਕਰਦੇ ਹਨ। ਸਮਾਂ ਪਾ ਕੇ ਰੁੱਖ ਉੱਪਰ ਗੋਲ਼-ਗੋਲ਼ ਚਪਟੇ ਫਲ਼ ਦਿਖਣੇ ਸ਼ੁਰੂ ਹੋ ਜਾਂਦੇ ਹਨ। ਰੁੱਖ ਦੇ ਪੱਤੇ ਖੁਰਦਰੇ ਹੋਣ ਕਰਕੇ ਪੁਰਾਣੇ ਵੇਲ਼ਿਆਂ ਵਿੱਚ ਲੋਕ ਉਹਨਾਂ ਨੂੰ ਰੇਗਮਾਰ ਦੀ ਤਰ੍ਹਾਂ ਵੀ ਵਰਤੋਂ ਵਿੱਚ ਲੈ ਆਉਂਦੇ ਸਨ। ਕੁਝ ਸੂਬਿਆਂ ਵਿੱਚ ਔਰਤਾਂ ਆਪਣੀਆਂ ਰੇਸ਼ਮੀ ਸਾੜ੍ਹੀਆਂ ਫੁੱਲਾਂ ਦੇ ਨਾਰੰਗੀ ਰੰਗ ਨਾਲ਼ ਰੰਗਦੀਆਂ ਸਨ ਅਤੇ ਉਨ੍ਹਾਂ ਵਿੱਚੋਂ ਹਲਕੀ ਮਹਿਕ ਵੀ ਮਹਿਸੂਸ ਕੀਤੀ ਜਾਂਦੀ ਸੀ।

ਹਾਰ-ਸ਼ਿੰਗਾਰ ਦੇ ਵੈਦਿਕ ਗੁਣਾਂ ਦੀ ਗੱਲ ਕਰੀਏ ਤਾਂ ਅੱਜਕੱਲ੍ਹ ਬਹੁਤ ਲੋਕ ਇਸ ਦੇ ਪੱਤੇ ਲੱਭਦੇ ਨਜ਼ਰ ਆਉਂਦੇ ਹਨ ਜੋ ਕਿ ਗਠੀਏ ਸਮੇਤ ਜੋੜਾਂ ਦੇ ਰੋਗਾਂ ਦੇ ਇਲਾਜ ਲਈ ਨੁਸਖ਼ਿਆਂ ਵਿੱਚ ਵਰਤੇ ਜਾਂਦੇ ਹਨ। ਇਸ ਤੋਂ ਇਲਾਵਾ ਇਸ ਦੇ ਵੱਖ-ਵੱਖ ਭਾਗਾਂ ਤੋਂ ਅੱਖਾਂ, ਬੁਖ਼ਾਰ, ਸੁੱਕੀ ਖੰਘ, ਚਮੜੀ ਆਦਿ ਦੇ ਰੋਗਾਂ ਲਈ ਵੀ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ।

ਲੈਂਡਸਕੇਪਿੰਗ ਦੇ ਨਜ਼ਰੀਏ ਨਾਲ਼ ਵੀ ਇਹ ਬਹੁਤ ਉਪਯੋਗੀ ਰੁੱਖ ਹੈ ਜਿਸ ਨੂੰ ਅਸੀਂ ਆਪਣੀਆਂ ਘਰੇਲੂ ਬਗੀਚੀਆਂ ਤੋਂ ਇਲਾਵਾ ਜਨਤਕ, ਧਾਰਮਿਕ ਆਦਿ ਸਥਾਨਾਂ ਤੇ ਲਾ ਕੇ ਸੁੰਦਰ ਫੁੱਲਾਂ ਅਤੇ ਮਹਿਕਾਂ ਦਾ ਆਨੰਦ ਲੈ ਸਕਦੇ ਹਾਂ। ਰੁੱਖ ਦੇ ਧਰਤ ਉੱਪਰ ਡਿੱਗੇ ਫੁੱਲ ਤਾਂ ਸੋਹਣੇ ਜਾਪਦੇ ਹੀ ਹਨ ਪ੍ਰੰਤੂ ਜੇਕਰ ਦ੍ਰਿਸ਼ ਹੋਰ ਵੀ ਖ਼ੂਬਸੂਰਤ ਸਿਰਜਣਾ ਹੋਵੇ ਤਾ ਰੁੱਖ ਹੇਠ ਜਲ-ਕੁੰਡ ਬਣਾ ਲੈਣਾ ਚਾਹੀਦਾ ਹੈ। ਜਲ-ਕੁੰਡ ਵਿੱਚ ਸਵੇਰ ਵੇਲੇ ਤਰਦੇ ਹੋਏ ਫੁੱਲ ਤੁਹਾਡੀ ਰੂਹ ਨੂੰ ਤਰੋ-ਤਾਜ਼ਾ ਕਰਨ ਦੀ ਸ਼ਕਤੀ ਰੱਖਦੇ ਹਨ।


ਕ
ਕਿੱਕਰ
(Vachellia nilotica)

# ਕਿੱਕਰ

*(Vachellia nilotica)*

ਫੁੱਲ ਲੱਗ ਗਏ ਕਿੱਕਰਾਂ ਨੂੰ, ਉਨ੍ਹਾਂ ਦੀ ਵੀ ਖੈਰ ਹੋਵੇ, ਜਿਹੜੇ ਭੁੱਲ ਗਏ ਮਿੱਤਰਾਂ ਨੂੰ।

ਗੱਲ ਸਿਰਫ਼ ਮਿੱਤਰਾਂ ਨੂੰ ਭੁੱਲਣ ਤੱਕ ਹੀ ਸੀਮਤ ਨਹੀਂ ਰਹੀ ਬਲਕਿ ਅੱਜ ਕੱਲ੍ਹ ਤਾਂ ਅਸੀਂ ਕਿੱਕਰਾਂ ਨੂੰ ਵੀ ਮਨੋਂ ਵਿਸਾਰਦੇ ਜਾ ਰਹੇ ਹਾਂ। ਕਿੱਕਰਾਂ ਦਾ ਸਾਡੇ ਮਿਥਿਹਾਸ, ਇਤਿਹਾਸ ਤੇ ਸਾਹਿਤ-ਸੱਭਿਆਚਾਰ ਨਾਲ਼ ਬਹੁਤ ਪੁਰਾਣਾ 'ਤੇ ਗੂੜ੍ਹਾ ਰਿਸ਼ਤਾ ਹੈ। ਕੋਈ ਸਮਾਂ ਹੁੰਦਾ ਸੀ ਜਦ ਲੋਕ ਦਿਨ ਦੀ ਸ਼ੁਰੂਆਤ ਬਨਾਵਟੀ ਤੱਤਾਂ ਨਾਲ਼ ਭਰਪੂਰ ਪੇਸਟਾਂ ਦੀ ਬਜਾਏ ਕਿੱਕਰ ਦੀ ਦਾਤਣ ਨਾਲ਼ ਕਰਦੇ ਸਨ। ਕਿੱਕਰ ਦਾ ਰੁੱਖ ਅਕਸਰ ਘਰਾਂ, ਗਲੀਆਂ, ਫਿਰਨੀਆਂ ਸਮਾਜਿਕ ਤੇ ਸਾਂਝੀਆਂ ਥਾਵਾਂ ਤੇ ਆਪਣੀ ਹਾਜ਼ਰੀ ਲਵਾਉਂਦਾ ਸੀ। ਬਰਸਾਤ ਰੁੱਤ ਜਾਂ ਉਸ ਤੋਂ ਉਪਰੰਤ ਜਦ ਕਿੱਕਰਾਂ ਨੂੰ ਪੀਲ਼ੇ ਫੁੱਲ ਪੈਂਦੇ ਸਨ ਤਾਂ ਮੁਟਿਆਰਾਂ ਦੇ ਮੂੰਹੋਂ ਮੱਲੋ ਜ਼ੋਰੀ ਗੀਤਾਂ ਦੇ ਬੋਲ ਇੰਝ ਨਿਕਲ਼ਦੇ ਸਨ -
ਸੂਹੇ ਵੇ ਚੀਰੇ ਵਾਲਿਆ, ਫੁੱਲ ਕਿੱਕਰਾਂ ਦੇ, ਕਿੱਕਰਾਂ ਲਈ ਬਹਾਰ ਮੇਲੇ ਮਿੱਤਰਾਂ ਦੇ... ।

ਖੇਤੀਂ ਜਾ ਰਹੇ ਗੱਭਰੂ ਨੂੰ ਮਸ਼ਕਰੀ ਕਰਦੀ ਮੁਟਿਆਰ ਕਹਿੰਦੀ ਸੀ-

ਕੱਲਾ ਨਾ ਜਾਈਂ ਖੇਤ ਨੂੰ, ਕਿੱਕਰ ਤੇ ਕਾਟੋ ਰਹਿੰਦੀ।

ਖ਼ੁਸ਼ਕ ਇਲਾਕਿਆਂ ਦਾ ਇਹ ਰੁੱਖ ਪੰਜਾਬ ਤੋਂ ਇਲਾਵਾ ਭਾਰਤ ਦੇ ਉੱਤਰ ਪੱਛਮੀ ਇਲਾਕੇ, ਗੁਆਂਢੀ ਮੁਲਕ ਪਾਕਿਸਤਾਨ, ਅਫ਼ਗ਼ਾਨਿਸਤਾਨ, ਅਰਬ ਦੇਸ਼ਾਂ, ਅਫ਼ਰੀਕਾ ਆਦਿ ਵਿੱਚ ਵੇਖਣ ਨੂੰ ਮਿਲ਼ਦਾ ਹੈ। ਪੰਜਾਬ ਤੋਂ ਬਾਹਰੀ ਸੂਬਿਆਂ ਵਿੱਚ ਇਸ ਨੂੰ 'ਬਬੂਲ' ਜਾਂ 'ਦੇਸੀ ਬਬੂਲ' ਦੇ ਨਾਂ ਨਾਲ਼ ਵੀ ਜਾਣਿਆ ਜਾਂਦਾ ਹੈ ਅਤੇ ਇਸ ਦਾ ਵਿਗਿਆਨਿਕ ਨਾਂ 'ਵਚੇਲੀਆ ਨਿਲੋਟਿਕਾ' ਹੈ। ਬਰਸਾਤ ਰੁੱਤ ਵਿੱਚ ਪੀਲ਼ੇ-ਸੁਨਹਿਰੀ ਗੋਲ਼-ਗੋਲ਼ ਫੁੱਲਾਂ ਨਾਲ਼ ਲੱਦੇ ਰੁੱਖ ਸਮਾਂ ਪਾ ਕੇ ਸਲੇਟੀ ਰੰਗ ਦੇ ਮਾਲਾ-ਮਣਕਿਆਂ ਰੂਪੀ ਤੁੱਕਿਆਂ ਨਾਲ਼ ਭਰ ਜਾਂਦੇ ਹਨ। ਪੁਰਾਣੇ ਸਮਿਆਂ ਵਿੱਚ ਤੁੱਕਿਆਂ ਦਾ ਅਚਾਰ ਜ਼ਿਆਦਾਤਰ ਘਰਾਂ ਵਿੱਚ ਖਾਣਾ ਖ਼ੂਬ ਪਸੰਦ ਕੀਤਾ ਜਾਂਦਾ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਬੱਕਰੀਆਂ ਨੂੰ ਤੁੱਕੇ ਪਾਉਣ ਨਾਲ਼ ਉਨ੍ਹਾਂ ਹੇਠ ਦੁੱਧ ਵੱਧਦਾ ਹੈ। ਵੈਸੇ ਵੀ ਤੁੱਕੇ ਬੱਕਰੀਆਂ-ਊਠਾਂ ਦੀ ਮਨਭਾਉਂਦੀ ਖ਼ੁਰਾਕ ਹੈ। ਫਲੀਆਂ ਰੂਪੀ ਤੁੱਕਿਆਂ ਵਿੱਚ ਆਮ ਤੌਰ ਤੇ 12 ਬੀਜ ਹੁੰਦੇ ਹਨ ਜੋ ਪੱਕਣ ਉਪਰੰਤ ਗੂੜੇ ਭੂਰੇ ਰੰਗ ਦੇ ਹੋ ਜਾਂਦੇ ਹਨ। ਕਿੱਕਰਾਂ ਨੂੰ ਜੋੜਿਆਂ ਵਿੱਚ ਲੱਗਣ ਵਾਲ਼ੇ ਕੰਡੇ ਜਾਂ ਸੂਲ਼ਾਂ ਪਹਿਲਾਂ ਅਕਸਰ ਲੋਕਾਂ ਦੇ ਪੈਰੀਂ ਚੁੱਭਣ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਸਨ। ਸੁਣਨ ਵਿੱਚ ਤਾਂ ਇਹ ਵੀ ਆਉਂਦਾ ਹੈ ਕਿ ਪਹਿਲਾਂ-ਪਹਿਲ ਤਾਂ ਲੋਕ ਸੂਈ ਪਿੰਨਾਂ ਦੀ ਥਾਂ ਦਫ਼ਤਰ ਵਿੱਚ ਵੀ ਕਾਗਜ਼ਾਂ ਨੂੰ ਸੂਲ਼ਾਂ ਲਾ ਕੇ ਇੱਕਠਿਆਂ ਰੱਖ ਲੈਂਦੇ ਸਨ।

ਕਿੱਕਰ ਦਾ ਕਾਲ਼ੇ ਰੰਗ ਨਾਲ਼ ਕਾਫ਼ੀ ਗੂੜ੍ਹਾ ਰਿਸ਼ਤਾ ਹੈ। ਦਰਅਸਲ ਪਹਿਲਾਂ ਕਿੱਕਰ ਰੋਹੀਆਂ ਦਾ ਰੁੱਖ ਹੁੰਦਾ ਸੀ 'ਤੇ ਪਾਣੀ ਦੀ ਘਾਟ ਕਾਰਨ ਰੋਹੀ ਵਾਲ਼ੀ ਕਿੱਕਰ ਗੂੜ੍ਹੀ ਕਾਲ਼ੀ ਨਜ਼ਰ ਆਉਂਦੀ ਸੀ। ਲੋਕ ਸਾਹਿਤ ਵਿੱਚ ਕਾਲ਼ੇ ਰੰਗ ਦੇ ਕੰਤ ਨੂੰ ਮੁਟਿਆਰਾਂ ਰੋਹੀ ਦੀ ਕਿੱਕਰ ਨਾਲ਼ ਸੁਮੇਲ ਦਿੰਦੀਆਂ ਸਨ।

ਕਿੱਕਰ ਤੋਂ ਲੱਕੜ ਪ੍ਰਾਪਤੀ ਕਰ ਲੋਕ ਸੰਦੂਕ, ਥਮ੍ਹਲੇ, ਚਰਖੇ, ਹਲ਼, ਅਲਮਾਰੀਆਂ, ਪਹੀਏ ਆਦਿ ਬਣਾ ਲੈਂਦੇ ਸਨ। ਇਹ ਪਸ਼ੂਆਂ ਲਈ ਚਾਰਾ, ਛਾਂ-ਰੁੱਖ, ਬਾਲਣ ਆਦਿ ਦੇ ਕੰਮ ਆਉਂਦਾ ਸੀ। ਇਸ ਦੇ ਸੱਕ ਤੋਂ ਚਮੜੇ ਦੀ ਰੰਗਾਈ ਲਈ ਟੈਨਿਨ ਅਤੇ ਭਾਫ-ਇੰਜਣਾਂ ਲਈ ਬਿਹਤਰੀਨ ਕਿਸਮ ਦਾ ਕੋਲਾ ਪ੍ਰਾਪਤ ਕੀਤਾ ਜਾਂਦਾ ਰਿਹਾ ਹੈ। ਖ਼ੁਸ਼ਕ ਇਲਾਕਿਆਂ ਵਿੱਚ ਕਿੱਕਰ ਦੀਆਂ ਨਰਮ ਲਗਰਾਂ ਅਤੇ ਫਲੀਆਂ ਨੂੰ ਲੋਕ ਸ਼ਬਜ਼ੀ ਦੇ ਤੌਰ ਤੇ ਵੀ ਵਰਤ ਲੈਂਦੇ ਸਨ। ਬਾਰਾਨੀ ਅਤੇ ਬੇ-ਆਬਾਦ ਜ਼ਮੀਨਾਂ ਨੂੰ ਵਰਤੋਂ ਯੋਗ ਬਣਾਉਣ ਲਈ ਕਿੱਕਰ ਲਾ ਦਿੱਤੀ ਜਾਂਦੀ ਸੀ।

ਕਿੱਕਰ ਦੇ ਸੱਕ ਦੀ ਰੰਗਤ ਅਤੇ ਹਲਕੀ ਮਹਿਕ ਹੋਣ ਕਰਕੇ ਪਹਿਲਾਂ ਲੋਕ ਘਰ ਦੀ ਸ਼ਰਾਬ ਕੱਢਣ ਵਿੱਚ ਵਰਤ ਲੈਂਦੇ ਸਨ। ਇਸ ਦੇ ਸੱਕ, ਜੜ੍ਹਾਂ ਦਾ ਅਰਕ, ਪੱਤੇ, ਗੂੰਦ ਆਦਿ ਅਨੇਕਾਂ ਮਨੁੱਖੀ ਬੀਮਾਰੀਆਂ ਜਿਵੇਂ ਕਿ ਖੰਘ, ਦੰਦਾਂ ਦੇ ਰੋਗ, ਔਰਤਾਂ ਦੇ ਗੁਪਤ ਰੋਗ, ਟੀ.ਬੀ., ਕਬਜ਼ ਆਦਿ ਦੇ ਇਲਾਜ ਲਈ ਵਰਤੇ ਜਾਂਦੇ ਹਨ। ਮਿਸਰ ਦੇ ਲੋਕਾਂ ਦਾ ਮੰਨਣਾ ਹੈ ਕਿ ਕਿੱਕਰ ਦੇ ਤੁੱਕਿਆਂ ਦਾ ਪਾਊਡਰ ਸ਼ੂਗਰ ਦੇ ਮਰੀਜ਼ਾਂ ਲਈ ਗੁਣਕਾਰੀ ਹੁੰਦਾ ਹੈ। ਕਿੱਕਰ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ੇਖ਼ ਫ਼ਰੀਦ ਜੀ ਦੀ ਬਾਣੀ ਵਿੱਚ ਵੀ ਦਰਜ ਹੈ -

ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ॥

# ਖ ਖਜੂਰ

*(Phoenix sylvestris)*



# ਖਜੂਰ

**(*Phoenix sylvestris*)**

ਖਜੂਰ ਨਾਮੀ ਗੁਣਕਾਰੀ ਫਲਦਾਰ ਰੁੱਖ ਨਾਲ ਮਨੁੱਖ ਦੀ ਸਾਂਝ ਈਸਾ ਤੋਂ ਹਜ਼ਾਰਾਂ ਸਾਲ ਪਹਿਲਾਂ ਕਾਂਸੀ ਯੁੱਗ ਵੇਲੇ ਦੀ ਹੈ। ਇਸ ਰੁੱਖ ਦਾ ਮੂਲ ਸਥਾਨ ਅਰਬ ਵਿੱਚ ਮੈਸੋਪੋਟੇਮੀਆ ਨੂੰ ਮੰਨਿਆ ਜਾਂਦਾ ਹੈ। ਸਿੰਧੂ ਘਾਟੀ ਅਤੇ ਹੜੱਪਾ ਕਾਲ ਦੇ ਸਮੇਂ ਵਿੱਚ ਵੀ ਖਜੂਰ ਦੇ ਸੰਦਰਭ ਵਿੱਚ ਕਈ ਤੱਥ ਨਜ਼ਰ ਆਏ ਹਨ। ਇਰਾਨ, ਇਰਾਕ ਵਰਗੇ ਅਰਬ ਦੇਸ਼ਾਂ ਤੋਂ ਲੈ ਕੇ ਅਫ਼ਰੀਕਾ ਅਤੇ ਅਮਰੀਕਾ ਦੇ ਦੱਖਣੀ ਕੈਲੇਫ਼ੋਰਨੀਆ ਤੱਕ ਖਜੂਰ ਦੀ ਕਾਸ਼ਤ ਕੀਤੀ ਜਾਂਦੀ ਹੈ। ਮੁਸਲਿਮ ਧਰਮ ਵਿੱਚ ਖਜੂਰ ਨੂੰ ਜੰਨਤ ਤੋਂ ਆਇਆ ਫਲ ਮੰਨਿਆ ਜਾਂਦਾ ਹੈ ਅਤੇ ਇਸ ਤੋਂ ਬਿਨਾਂ ਈਸਾਈ, ਯਹੂਦੀ ਤੇ ਮਿਸਰ ਦੇ ਲੋਕਾਂ ਦੀਆਂ ਅਨੇਕਾਂ ਰਹੁ ਰੀਤਾਂ ਵਿੱਚ ਖਜੂਰ ਦਾ ਜ਼ਿਕਰ ਵੇਖਣ ਨੂੰ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਸ਼ੇਖ਼ ਫ਼ਰੀਦ ਜੀ ਅਤੇ ਭਗਤ ਨਾਮਦੇਵ ਜੀ ਦੀ ਬਾਣੀ ਵਿੱਚ ਖਜੂਰ ਦਾ ਜ਼ਿਕਰ ਹੈ –

ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ॥
ਜਲ ਕੀ ਮਾਛੁਲੀ ਚਰੈ ਖਜੂਰਿ॥

ਸੰਸਾਰ ਵਿੱਚ ਅਨੇਕਾਂ ਕਿਸਮਾਂ ਦੀਆਂ ਖਜੂਰਾਂ ਜੰਗਲੀ ਰੂਪ ਵਿੱਚ ਅਤੇ ਕਾਸ਼ਤ ਅਧੀਨ ਵੇਖਣ ਨੂੰ ਮਿਲਦੀਆਂ ਹਨ। ਪ੍ਰੰਤੂ ਸਾਡੇ ਆਸ-ਪਾਸ ਜੰਗਲੀ ਰੂਪ ਵਿੱਚ ਮਿਲਣ ਵਾਲੀ ਕਿਸਮ 'ਫੀਨਿਕਸ ਸਿਲਵੈਸਟ੍ਰਿਸ' ਹੈ ਅਤੇ ਕਾਸ਼ਤ ਅਧੀਨ ਕਿਸਮ 'ਫ਼ੀਨਿਕਸ ਡੈਕਟਿਲੀਫੇਰਾ' ਹੈ।

ਮੱਧ ਪੂਰਬ ਦੇ ਰੇਗਿਸਤਾਨ ਦੇ ਇਸ ਫਲ ਬਾਰੇ ਪੁਰਾਤਨ ਵੇਲਿਆਂ ਤੋਂ ਆਖਿਆ ਜਾਂਦਾ ਹੈ ਕਿ ਇਸ ਦਾ ਸਿਰ ਅੱਗ ਵਿੱਚ ਅਤੇ ਪੈਰ ਪਾਣੀ ਵਿੱਚ ਹੋਣੇ ਚਾਹੀਦੇ ਹਨ। ਭਾਵ ਪੱਕਣ ਲਈ ਤੇਜ਼ ਧੁੱਪ-ਗਰਮੀ ਅਤੇ ਖ਼ੂਬ ਸਿੰਚਾਈ ਦੀ ਜ਼ਰੂਰਤ ਹੁੰਦੀ ਹੈ ਹਾਲਾਂਕਿ ਪਾਣੀ ਦੀ ਬਹੁਤਾਤ ਜਾਂ ਜੜ੍ਹਾਂ ਵਿੱਚ ਪਾਣੀ ਦਾ ਖੜ੍ਹਨਾ ਹਾਨੀਕਾਰਕ ਸਿੱਧ ਹੁੰਦਾ ਹੈ। ਅਨਕੂਲ ਹਾਲਤਾਂ ਵਿੱਚ 100 ਫੁੱਟ ਤੋਂ ਵੀ ਉੱਚਾ ਜਾਣ ਵਾਲੇ ਇਸ ਰੁੱਖ ਦੇ ਲੰਮੇ ਤਣੇ ਦੇ ਉੱਪਰ ਲੱਗੇ ਛਤਰੀਨੁਮਾ ਪੱਤਿਆਂ ਦੀ ਲੰਬਾਈ ਵੀ ਮੀਟਰਾਂ ਵਿੱਚ ਹੋ ਜਾਂਦੀ ਹੈ। ਰੁੱਖ ਦੀ ਖ਼ਾਸੀਅਤ ਇਹ ਵੀ ਹੈ ਕਿ ਨਰ ਅਤੇ ਮਾਦਾ ਫੁੱਲਾਂ ਵਾਲੇ ਰੁੱਖ ਅਲੱਗ-ਅਲੱਗ ਹੁੰਦੇ ਹਨ ਅਤੇ ਫਲ ਸਿਰਫ਼ ਮਾਦਾ ਫੁੱਲਾਂ ਵਾਲੇ ਰੁੱਖ ਨੂੰ ਹੀ ਪੈਂਦਾ ਹੈ। ਪਰਾਗਣ ਕਿਰਿਆ ਲਈ ਕੁੱਝ ਰੁੱਖਾਂ ਮਗਰ ਇਕ ਨਰ ਰੁੱਖ ਜ਼ਰੂਰੀ ਹੁੰਦਾ ਹੈ। ਖਜੂਰ ਨੂੰ ਹਲਕੇ ਪੀਲੇ ਰੰਗ ਦੇ ਫੁੱਲ ਗੁੱਛਿਆਂ ਵਿੱਚ ਲੱਗਦੇ ਹਨ ਜਿਨ੍ਹਾਂ ਦੀ ਦਿੱਖ ਬੋਤੇ ਦੀ ਪੂਛ ਵਰਗੀ ਹੁੰਦੀ ਹੈ। ਫਲ ਸ਼ੁਰੂਆਤੀ ਦਿਨਾਂ 'ਚ ਹਰਾ, ਫਿਰ ਪੀਲਾ ਸੰਤਰੀ ਅਤੇ ਪੱਕ ਕੇ ਲਾਲ ਭੂਰੇ ਰੰਗ ਦਾ ਹੋ ਜਾਂਦਾ ਹੈ। ਖਜੂਰ ਨੂੰ ਕਾਸ਼ਤ ਹਿੱਤ ਉਨ੍ਹਾਂ ਇਲਾਕਿਆਂ ਵਿੱਚ ਲਾਉਣਾ ਬਿਹਤਰ ਸਮਝਿਆ ਜਾਂਦਾ ਹੈ ਜਿੱਥੇ ਫਲ ਪੱਕਣ ਵੇਲੇ ਮੌਸਮ ਖ਼ੁਸ਼ਕ ਅਤੇ ਨਮੀ ਰਹਿਤ ਹੋਵੇ। ਖਜੂਰਾਂ ਦੇ ਨਵੇਂ ਪੌਦੇ ਬੀਜ ਜਾਂ ਮੂਲ ਰੁੱਖ ਦੇ ਮੁੱਢੋਂ ਫੁੱਟੇ ਹੋਏ ਪੌਦਨੁਮਾ ਪ੍ਰਸੂਇਆ (ਸੱਕਰ) ਨੂੰ ਜੜ੍ਹਾਂ ਸਮੇਤ ਪੁੱਟ ਕੇ ਲਾਉਣ ਰਾਹੀਂ ਤਿਆਰ ਕੀਤੇ ਜਾਂਦੇ ਹਨ। ਅੱਜਕੱਲ੍ਹ ਤਾਂ ਟਿਸ਼ੂ ਕਲਚਰ ਵਿਧੀ ਵੀ ਅਪਣਾਈ ਜਾਣ ਲੱਗੀ ਹੈ।

ਖਜੂਰ ਦੇ ਫਲ ਵਿਸ਼ਵ ਵਿੱਚ ਬਿਹਤਰੀਨ ਖ਼ੁਰਾਕ ਪਦਾਰਥ ਵੱਜੋਂ ਜਾਣੇ ਜਾਂਦੇ ਹਨ। ਪੁਰਾਣੇ ਵੇਲਿਆਂ ਵਿੱਚ ਬੱਚਿਆਂ ਨੂੰ ਇਹ ਫਲ ਦੁੱਧ ਵਿੱਚ ਉਬਾਲ ਕੇ ਦੇਣ ਦਾ ਰਿਵਾਜ ਹਰ ਘਰ ਵਿੱਚ ਪ੍ਰਚੱਲਿਤ ਹੁੰਦਾ ਸੀ। ਵੈਦਿਕ ਗੁਣਾਂ ਵਾਲੇ ਪੱਖ ਤੋਂ ਖਜੂਰ ਕਬਜ਼, ਥਕਾਨ, ਪੇਟ ਰੋਗ, ਅੱਖਾਂ, ਹੱਡੀਆਂ ਦੇ ਰੋਗ ਆਦਿ ਵਿੱਚ ਸਹਾਈ ਮੰਨੀ ਜਾਂਦੀ ਹੈ। ਖਜੂਰ ਦੇ ਤਣੇ ਦੇ ਰਸ ਤੋਂ ਖਮੀਰਨ ਕਿਰਿਆ ਰਾਹੀਂ ਟੋਡੀ ਨਾਮਕ ਸ਼ਰਾਬ ਅਤੇ ਗੁੜ, ਫਲਾਂ ਤੋਂ ਜੈਲੀ, ਸਿਰਕਾ, ਚਟਣੀ, ਅਚਾਰ, ਜੂਸ, ਜੈਮ, ਬੇਕਰੀ ਸਾਮਾਨ ਆਦਿ ਵੀ ਤਿਆਰ ਕੀਤੇ ਜਾਂਦੇ ਹਨ। ਇਸ ਦੀ ਲੱਕੜ ਮਕਾਨ, ਛੱਤਾਂ, ਵਾੜ ਬਣਾਉਣ ਅਤੇ ਪੱਤੇ ਝਾੜੂ, ਰੱਸੀਆਂ, ਟੋਕਰੀਆਂ, ਪੱਖੀਆਂ ਤੇ ਚਟਾਈਆਂ ਆਦਿ ਬਣਾਉਣ ਵਿੱਚ ਵਰਤੇ ਜਾਂਦੇ ਹਨ। ਪਿਛਲੇ ਕੁਝ ਸਾਲਾਂ ਵਿੱਚ ਖਜੂਰਾਂ ਦੇ ਰੁੱਖ ਫਲਾਂ ਦੀ ਬਜਾਏ ਖ਼ੂਬਸੂਰਤੀ ਪੱਖ ਲਈ ਜ਼ਿਆਦਾ ਵਰਤੇ ਜਾਣ ਲੱਗੇ ਹਨ। ਹੀਰ ਵਾਰਿਸ ਅਤੇ ਪੰਜਾਬ ਦੀਆਂ ਸਾਹਿਤਕ ਵੰਨਗੀਆਂ ਵਿੱਚ ਖਜੂਰ ਦਾ ਜ਼ਿਕਰ ਖ਼ੂਬ ਕੀਤਾ ਗਿਆ ਹੈ:-

ਲੰਬੀਏ ਨੀ ਲੰਝੀਏ ਨੀ ਲਾਲ ਖਜੂਰੇ
ਲੰਬੀਏ ਵਰ ਟੋਲਿਆ ਨੀ ਦੂਰੇ
ਬਾਬਲ ਤਾਂ ਮੇਰਾ ਦੇਸ਼ਾਂ ਦਾ ਰਾਜਾ
ਜੀਹਨੇ ਵਰ ਟੋਲਿਆ ਨੀ ਦੂਰੇ....

# ਗ ਗੁਲਮੋਹਰ

*(Delonix regia)*



# ਗੁਲਮੋਹਰ
**(*Delonix regia*)**

ਗੁਲਮੋਹਰ ਦਾ ਬੂਟਾ
ਖੜ੍ਹਾ ਸੁਹਾਵਣਾ
ਧੁਰ ਪਾਤਾਲੋਂ ਆਇਆ
ਧਰਤ ਪਰਾਹੁਣਾ

ਪ੍ਰੋ. ਮੋਹਨ ਸਿੰਘ ਦੁਆਰਾ ਲਿਖੀਆਂ ਉਪਰੋਕਤ ਸਤਰਾਂ ਗੁਲਮੋਹਰ ਦੀ ਖ਼ੂਬਸੂਰਤੀ ਤੇ ਮੋਹਰ ਲਾਉਂਦੀਆਂ ਹਨ। ਬਹੁਤ ਲੋਕ ਗੁਲਮੋਹਰ ਦੇ ਫੁੱਲਾਂ ਨੂੰ ਵਿਸ਼ਵ ਦੇ ਪੰਜ ਖ਼ੂਬਸੂਰਤ ਫੁੱਲਾਂ ਵਿੱਚੋਂ ਇੱਕ ਮੰਨਦੇ ਹਨ। ਦਰਅਸਲ ਜਦ ਗੁਲਮੋਹਰਾਂ ਖਿੜਦੀਆਂ ਹਨ ਤਾਂ ਇੰਜ ਜਾਪਦਾ ਹੈ ਜਿਵੇਂ ਕਿਸੇ ਨੇ ਧਰਤ ਉੱਪਰ ਲਾਲ ਕਿਰਮਚੀ ਰੰਗ ਦੀ ਫੁਲਕਾਰੀ ਤਾਣ ਦਿੱਤੀ ਹੋਵੇ। ਖ਼ੂਬਸੂਰਤ ਅਤੇ ਸ਼ੋਖ਼ ਰੰਗਾਂ ਕਰਕੇ ਹੀ ਇਸ ਨੂੰ ਗੁਲਮੋਹਰ ਤੋਂ ਇਲਾਵਾ ਜੰਗਲ਼ ਦੀ ਅੱਗ, ਅੱਗ ਦਰਖ਼ਤ ਜਾਂ ਮੋਰ ਫੁੱਲ ਆਦਿ ਨਾਵਾਂ ਨਾਲ਼ ਜਾਣਿਆ ਜਾਂਦਾ ਹੈ ਅਤੇ ਇਸ ਦਾ ਵਿਗਿਆਨਿਕ ਨਾਂ 'ਡੈਲੋਨਿਕਸ ਰੀਜੀਆ' ਹੈ। ਫਰਾਂਸ ਦੇ ਲੋਕ ਇਸ ਨੂੰ ਸਵਰਗ ਦਾ ਫੁੱਲ ਸੱਦਦੇ ਹਨ। ਗੁਲਮੋਹਰ ਦਾ ਰੁੱਖ ਵਿਸ਼ਵ ਦੇ ਬਹੁਤ ਜ਼ਿਆਦਾ ਦੇਸ਼ਾਂ ਦੀਆਂ ਸੜਕਾਂ ਅਤੇ ਪਾਰਕਾਂ ਵਿੱਚ ਆਪਣੀ ਹਾਜ਼ਰੀ ਲਵਾਉਂਦਾ ਹੈ। ਕੇਰਲਾ ਵਿੱਚ ਈਸਾਈ ਭਾਈਚਾਰੇ ਦੇ ਲੋਕਾਂ ਦਾ ਮੰਨਣਾ ਹੈ ਕਿ ਜਦ ਈਸਾ ਮਸੀਹ ਨੂੰ ਸਲੀਬ ਤੇ ਚੜ੍ਹਾਇਆ ਗਿਆ ਤਾਂ ਉਨ੍ਹਾਂ ਦੇ ਖ਼ੂਨ ਦੀਆਂ ਬੂੰਦਾਂ ਗੁਲਮੋਹਰ ਦੇ ਫੁੱਲ ਉੱਪਰ ਜਾ ਪਈਆਂ ਜਿਸ ਉਪਰੰਤ ਫੁੱਲਾਂ ਦਾ ਰੰਗ ਬੇਹੱਦ ਸ਼ੋਖ਼ ਹੋ ਗਿਆ। ਸੁਣਨ ਵਿੱਚ ਆਉਂਦਾ ਹੈ ਕਿ ਯੂਰਪੀ ਖੋਜੀਆਂ ਨੇ ਪਹਿਲੀ ਵਾਰ ਗੁਲਮੋਹਰ ਨੂੰ 'ਮੈਡਾਗਾਸਕਰ' ਵਿੱਚ ਵੇਖਿਆ ਅਤੇ ਉਥੋਂ ਮੋਰੀਸ਼ੀਅਸ ਦੇ ਰਸਤੇ ਇਹ ਭਾਰਤ ਵਿੱਚ ਪਹੁੰਚਿਆ।

ਗੁਲਮੋਹਰ ਦਾ ਰੁੱਖ ਦਰਮਿਆਨੇ ਤੋਂ ਵੱਡੇ ਆਕਾਰ ਦਾ ਹੁੰਦਾ ਹੈ ਅਤੇ ਟਾਹਣੀਆਂ ਬੇਸ਼ਕ ਵਿਰਲੀਆਂ-ਵਿਰਲੀਆਂ ਹੋਣ ਪਰ ਛਤਰ ਸੋਹਣਾ ਬਣ ਜਾਂਦਾ ਹੈ। ਅਪ੍ਰੈਲ ਤੋਂ ਜੂਨ ਮਹੀਨਿਆਂ ਵਿੱਚ ਰੁੱਖ ਆਪਣੇ ਜੋਬਨ ਤੇ ਹੁੰਦਾ ਹੈ। ਹਰਿਆਵਲ ਵਿੱਚ ਖੜ੍ਹਾ ਰੁੱਖ ਇੰਜ ਜਾਪਦਾ ਜਿਵੇਂ ਅੱਗ ਦੀ ਲਾਟ ਬਲ਼ ਰਹੀ ਹੋਵੇ। ਗੁਲਮੋਹਰ ਦੇ ਪੱਤੇ ਫ਼ਰਨ ਵਰਗੇ ਬਾਰੀਕ-ਬਾਰੀਕ ਹੁੰਦੇ ਹਨ ਜੋ ਫਰਵਰੀ-ਮਾਰਚ ਵਿੱਚ ਪੀਲ਼ੇ ਪੈ ਕੇ ਡਿੱਗਦੇ ਹਨ ਅਤੇ ਨਾਲ਼ ਹੀ ਮਾਰਚ ਮਹੀਨੇ ਦੇ ਆਖੀਰ ਵਿੱਚ ਨਵੇਂ ਫੁੱਟਣੇ ਸ਼ੁਰੂ ਹੋ ਜਾਂਦੇ ਹਨ।

ਗੁਲਮੋਹਰ ਦੇ ਫੁੱਲ ਬਰਸਾਤਾਂ ਤੱਕ ਘਟ ਜਾਂਦੇ ਹਨ ਅਤੇ ਸਮਾਂ ਪਾ ਕੇ ਤਕਰੀਬਨ ਅੱਧੇ ਮੀਟਰ ਲੰਬਾਈ ਦੀਆਂ ਚਪਟੀਆਂ ਕਿਰਪਾਨ ਦੀ ਮਿਆਨ ਵਰਗੀਆਂ ਫਲ਼ੀਆਂ ਵਿੱਚ ਤਬਦੀਲ ਹੋ ਜਾਂਦੇ ਹਨ। ਇਨ੍ਹਾਂ ਫਲ਼ੀਆਂ ਵਿੱਚ ਕਾਲ਼ੇ ਭੂਰੇ ਰੰਗ ਦੇ ਬੀਜ ਪਾਏ ਜਾਂਦੇ ਹਨ। ਰੁੱਖ ਦਾ ਸੱਕ ਹਲਕੇ ਭੂਰੇ ਰੰਗ ਦਾ ਅਤੇ ਤਣੇ ਉੱਪਰ ਵਲ਼ਦਾਰ ਜਿਹਾ ਨਜ਼ਰ ਆਉਂਦਾ ਹੈ। ਸਮੁੰਦਰੀ ਕੰਢਿਆਂ ਤੋਂ ਲੈ ਕੇ ਗਰਮ ਇਲਾਕਿਆਂ ਤੱਕ ਹੋਣ ਵਾਲ਼ਾ ਇਹ ਰੁੱਖ ਗਰਮੀ ਤਾਂ ਕਾਫ਼ੀ ਹੱਦ ਤੱਕ ਸਹਾਰ ਲੈਂਦਾ ਹੈ ਪ੍ਰੰਤੂ ਠੰਡ ਦੌਰਾਨ ਕੋਰਾ ਜਾਂ ਜੜ੍ਹਾਂ ਵਿੱਚ ਖੜ੍ਹਾ ਪਾਣੀ ਮਾਰ ਕਰਦਾ ਹੈ।

ਗੁਲਮੋਹਰ ਦੀਆਂ ਜੜ੍ਹਾਂ ਡੂੰਘੀਆਂ ਨਹੀਂ ਹੁੰਦੀਆਂ ਇਸ ਕਰਕੇ ਅਕਸਰ ਤੇਜ਼ ਹਨੇਰੀਆਂ ਆਉਣ ਤੇ ਇਸ ਦੇ ਰੁੱਖ ਜ਼ਮੀਨੋਂ ਪੁੱਟੇ ਜਾਂਦੇ ਹਨ ਜਾਂ ਵੱਡੇ ਟਾਹਣ ਵੀ ਟੁੱਟ ਜਾਂਦੇ ਹਨ। ਸੜਕਾਂ ਕੰਢੇ ਲਾਉਣ ਨਾਲ਼ੋਂ ਬਗੀਚੀਆਂ ਵਿੱਚ ਲਗਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਗੁਲਮੋਹਰ ਦੇ ਸੰਧੂਰੀ ਕਿਰਮਚੀ ਰੰਗਾਂ ਤੋਂ ਇਲਾਵਾ ਇਸ ਦੇ ਫੁੱਲ ਕਈ ਵਾਰ ਸੰਤਰੀ, ਜੋਗੀਆ ਤੇ ਹਲਕੀ ਪੀਲ਼ੀ ਭਾਹ ਵਾਲ਼ੇ ਵੀ ਵਿਖਾਈ ਦਿੰਦੇ ਹਨ। ਲੈਂਡਸਕੇਪਿੰਗ ਦੇ ਨਜ਼ਰੀਏ ਅਨੁਸਾਰ ਗੁਲਮੋਹਰ ਇੱਕ ਬਿਹਤਰੀਨ ਰੁੱਖ ਹੈ ਪ੍ਰੰਤੂ ਇਸ ਨੂੰ ਵਿਉਂਤਬੰਦੀ ਅਨੁਸਾਰ ਹੀ ਲਾਉਣਾ ਚਾਹੀਦਾ ਹੈ।

ਗੁਲਮੋਹਰ ਦੇ ਪੱਤਿਆਂ ਦੀ ਵਰਤੋਂ ਪਸ਼ੂਆਂ ਦੇ ਚਾਰੇ ਵੱਜੋਂ ਕੀਤੀ ਜਾਂਦੀ ਹੈ।ਇਸ ਦੇ ਫੁੱਲਾਂ ਤੋਂ ਮੱਖੀਆਂ ਸ਼ਹਿਦ ਬਣਾਉਂਦੀਆਂ ਹਨ ਅਤੇ ਡਾਈ ਵੀ ਬਣਾਈ ਜਾਂਦੀ ਹੈ। ਇਸ ਦੇ ਪੱਤੇ, ਫੱਲ ਅਤੇ ਸੱਕ ਦੀ ਵਰਤੋਂ ਸੋਜ਼ਿਸ਼, ਗਠੀਆ, ਸ਼ੂਗਰ ਅਤੇ ਪੇਟ ਦੀਆਂ ਬੀਮਾਰੀਆਂ ਦੇ ਇਲਾਜ ਵਿੱਚ ਕੀਤੀ ਜਾਂਦੀ ਹੈ


ਘ
ਘੀ ਕੁਆਰ
(Aloe vera)

# ਘੀ ਕੁਆਰ

**(*Aloe vera*)**

ਘੀ ਕੁਆਰ ਨਾਮੀ ਪੌਦਾ ਆਪਣੇ ਔਸ਼ਧੀ ਗੁਣਾਂ ਸਦਕਾ ਵਿਸ਼ਵ ਪ੍ਰਸਿੱਧ ਹੈ। ਇਸ ਦਾ ਮੂਲ ਸਥਾਨ ਅਫ਼ਰੀਕਾ ਦੇ ਖ਼ੁਸ਼ਕ ਅਤੇ ਗਰਮ ਖਿਤਿਆਂ ਨੂੰ ਮੰਨਿਆ ਜਾਂਦਾ ਹੈ। ਪ੍ਰੰਤੂ ਅੱਜਕੱਲ੍ਹ ਵਿਸ਼ਵ ਦੇ ਅਨੇਕਾਂ ਦੇਸ਼ਾਂ ਵਿੱਚ ਲੋਕ ਇਸ ਦੀ ਖੇਤੀ ਕਰਨ ਤੋਂ ਲੈ ਕੇ ਘਰੇਲੂ ਵਰਤੋਂ ਲਈ ਗਮਲਿਆਂ ਵਿੱਚ ਲਾਉਣਾ ਵੀ ਪਸੰਦ ਕਰਦੇ ਹਨ। ਅਨੇਕਾਂ ਥਾਵਾਂ ਤੇ ਪਾਇਆ ਜਾਣ ਕਰਕੇ ਇਸ ਨੂੰ ਕੁਆਰ ਗੰਦਲ, ਐਲੋਵੇਰਾ, ਘੀ ਕੁਮਾਰੀ, ਘਰਿਤ ਕੁਮਾਰੀ ਅਤੇ ਗਵਾਰ ਪਾਠਾ ਆਦਿ ਨਾਵਾਂ ਨਾਲ਼ ਵੀ ਜਾਣਿਆ ਜਾਂਦਾ ਹੈ। ਇਸ ਦਾ ਵਿਗਿਆਨਿਕ ਨਾਂ 'ਐਲੋ ਵੇਰਾ' ਹੈ ਅਤੇ ਕੁੱਝ ਲੋਕ ਇਸ ਨੂੰ ਭਾਰਤੀ 'ਐਲੋ' ਨਾਮ ਨਾਲ਼ ਵੀ ਪਹਿਚਾਣਦੇ ਹਨ। ਕਿਹਾ ਜਾਂਦਾ ਹੈ ਕਿ ਮਿਸਰ ਦੀ ਰਾਣੀ ਕਲੀਓਪੈਟ੍ਰਾ ਖ਼ੂਬਸੂਰਤੀ ਵਧਾਉਣ ਲਈ ਘੀ ਕੁਆਰ ਦੀ ਰੋਜ਼ਾਨਾ ਵਰਤੋਂ ਕਰਦੀ ਸੀ। ਯੂਨਾਨ ਅਤੇ ਰੋਮ ਵਿੱਚ ਵੀ ਇਸ ਦੀ ਖ਼ੂਬ ਵਰਤੋਂ ਦਾ ਜ਼ਿਕਰ ਮਿਲ਼ਦਾ ਹੈ।

ਕੁੱਝ ਲੋਕ ਇਸ ਦੀ ਦਿੱਖ ਅਨੁਸਾਰ ਕੈਕਟਸ ਜਾਤੀ ਨਾਲ਼ ਸਬੰਧਿਤ ਸਮਝਦੇ ਹਨ ਪ੍ਰੰਤੂ ਇਹ ਸਕੂਲੈਂਟ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਇਹ ਇੱਕ ਬਹੁ-ਵਰਗੀ ਪੌਦਾ ਹੈ ਜਿਸ ਦਾ ਤਣਾ ਆਮ ਪੌਦਿਆਂ ਦੀ ਤਰ੍ਹਾਂ ਲੰਮਾ ਨਹੀਂ ਹੁੰਦਾ। ਜੜ੍ਹਾਂ ਤੋਂ ਬਿਲਕੁਲ ਉੱਪਰ ਹੀ ਇਸ ਦੇ ਮੋਟੇ-ਮੋਟੇ ਗੁੱਦੇਦਾਰ ਪੱਤੇ ਨਜ਼ਰ ਆਉਂਦੇ ਹਨ ਜੋ ਚਾਰ ਚੁਫੇਰੇ ਵਧਦੇ ਹਨ ਅਤੇ ਪੱਤੇ ਦੇ ਦੋਨੋਂ ਪਾਸੇ ਨੋਕਦਾਰ ਕੰਡੇ ਹੁੰਦੇ ਹਨ। ਪੱਤੇ ਹੇਠਲੇ ਪਾਸੋਂ ਮੋਟੇ ਗੋਲ਼ਾਕਾਰ ਜਿਹੇ ਅਤੇ ਉੱਪਰ ਨੂੰ ਜਾਂਦਿਆਂ ਪਤਲੇ ਹੋ ਜਾਂਦੇ ਹਨ ਅਤੇ ਅਖੀਰ ਤੇ ਤਿੱਖੇ ਹੁੰਦੇ ਹਨ। ਪੱਤੇ ਕੱਟਣ ਤੇ ਪਾਰਦਰਸ਼ੀ ਗੁੱਦਾ ਨਿੱਕਲ਼ਦਾ ਹੈ ਜਿਸ ਨੂੰ ਜੈਲ ਵੀ ਕਿਹਾ ਜਾਂਦਾ ਹੈ 'ਤੇ ਇਹੀ ਗੁੱਦਾ ਬਾਹਰੀ ਪਾਸਿਆਂ ਵੱਲ ਪੀਲ਼ੀ ਭਾਹ ਮਾਰਦਾ ਹੈ 'ਤੇ ਖਾਣ ਵਿੱਚ ਬੇ-ਸੁਆਦਾ ਹੁੰਦਾ ਹੈ। ਹਲਕੇ ਹਰੇ ਰੰਗ ਦੇ ਪੱਤਿਆਂ ਉੱਪਰ ਬੇਤਰਤੀਬੇ ਸਫ਼ੈਦ ਰੰਗ ਦੇ ਧੱਬੇ ਜਾਂ ਚਟਾਕ ਹੁੰਦੇ ਹਨ। ਘੀ ਕੁਆਰ ਦਾ ਪੌਦਾ 100 ਸਾਲ ਤੋਂ ਵੀ ਵੱਧ ਦੀ ਉਮਰ ਭੋਗ ਸਕਦਾ ਹੈ।

ਘੀ ਕੁਆਰ ਦੇ ਪੌਦੇ ਦੇ ਕੇਂਦਰੀ ਭਾਗ ਵਿੱਚੋਂ ਲੰਮੀ ਡੰਡੀ ਨਿਕਲ਼ਦੀ ਹੈ ਜਿਸ ਉੱਪਰ ਸੰਤਰੀ-ਪੀਲ਼ੇ ਰੰਗ ਦੇ ਫੁੱਲ ਲਗਦੇ ਹਨ। ਇਸ ਪੌਦੇ ਨੂੰ ਜ਼ਿਆਦਾਤਰ ਫੁੱਲ ਜ਼ਮੀਨ ਵਿੱਚ ਲਾਉਣ ਤੋਂ ਦੂਜੇ ਸਾਲ ਪੈਂਦੇ ਹਨ। ਪੌਦੇ ਦੀਆਂ ਜੜ੍ਹਾਂ ਬਹੁਤ ਜ਼ਿਆਦਾ ਡੂੰਘੀਆਂ ਨਹੀਂ ਜਾਂਦੀਆਂ, ਥੋੜਾ ਜਿਹਾ ਉੱਪਰ ਨੂੰ ਖਿੱਚਣ ਤੇ ਪੌਦਾ ਜੜ੍ਹਾਂ ਸਮੇਤ ਬਾਹਰ ਆ ਜਾਂਦਾ ਹੈ।

ਘੀ ਕੁਆਰ ਵਿੱਚ 75 ਤੋਂ ਵੱਧ ਖੁਰਾਕੀ ਤੱਤ ਪਾਏ ਜਾਂਦੇ ਹਨ ਜਿਨ੍ਹਾਂ ਵਿੱਚ ਵਿਟਾਮਿਨ ਏ, ਸੀ, ਈ, ਬੀ12 ਅਤੇ ਖਨਿਜ ਪ੍ਰਮੁੱਖ ਹਨ। ਇਸ ਦਾ ਜੈਲ ਕੁਦਰਤੀ ਕੀਟਾਣੂ ਨਾਸ਼ਕ ਦਾ ਕੰਮ ਕਰਦਾ ਹੈ ਅਤੇ ਜ਼ਲ਼ੇ ਦੇ ਇਲਾਜ ਲਈ ਬਹੁਤ ਕਾਰਗਰ ਮੰਨਿਆ ਜਾਂਦਾ ਹੈ। ਪੁਰਾਣੇ ਵੇਲ਼ਿਆਂ ਤੋਂ ਘੀ ਕੁਆਰ ਨੂੰ ਅਨੇਕਾਂ ਮਨੁੱਖੀ ਬਿਮਾਰੀਆਂ ਜਿਵੇਂ ਕਿ ਗਠੀਆ, ਜੋੜ ਦਰਦ, ਸ਼ੂਗਰ, ਅੱਖਾਂ ਅਤੇ ਕੰਨਾਂ ਦੇ ਰੋਗ ਆਦਿ ਦੇ ਇਲਾਜ ਲਈ ਵਰਤਿਆ ਜਾਂਦਾ ਰਿਹਾ ਹੈ। ਚਮੜੀ ਸਬੰਧੀ ਰੋਗ ਅਤੇ ਚਮੜੀ ਨੂੰ ਜਵਾਨ ਰੱਖਣ ਲਈ ਇਸ ਦੇ ਉਤਪਾਦਾਂ ਦਾ ਪੂਰੇ ਵਿਸ਼ਵ ਵਿੱਚ ਵੱਡਾ ਕਾਰੋਬਾਰ ਹੈ। ਸ਼ਰੀਰ ਦੀ ਰੋਗ ਪ੍ਰਤੀਰੋਧੀ ਸਮਰਥਾ ਵਿੱਚ ਵਾਧਾ ਕਰਨ ਲਈ ਵੀ ਘੀ ਕੁਆਰ ਸਹਾਈ ਹੁੰਦਾ ਹੈ। ਕੁਝ ਘਰਾਂ ਵਿੱਚ ਇਸ ਦੀ ਸਬਜ਼ੀ ਅਤੇ ਅਚਾਰ ਪਾ ਕੇ ਖਾਣ ਦਾ ਰੁਝਾਨ ਅਜੇ ਵੀ ਬਰਕਰਾਰ ਹੈ।

Society for Conservation & Healing of Environment



# ੮ ਕੰਗਣੀ

*(Setaria italica)*

# ਕੰਗਣੀ

**(*Setaria italic*a)**

ਇੱਕ ਸਮਾਂ ਹੁੰਦਾ ਸੀ ਜਦ ਜਵਾਰ, ਬਾਜਰਾ, ਕੋਧਰਾ, ਕੰਗਣੀ ਅਤੇ ਰਾਗੀ ਸਾਡੇ ਮੂਲ ਅਨਾਜ ਹੁੰਦਿਆਂ ਹੋਇਆਂ ਭੋਜਨ ਲੜੀ ਦੇ ਅਨਿੱਖੜਵੇਂ ਅੰਗ ਸਨ। ਹਰ ਅਮੀਰ ਗ਼ਰੀਬ ਦੀ ਰੋਜ਼ਾਨਾ ਖ਼ੁਰਾਕ ਦਾ ਹਿੱਸਾ ਹੋਇਆ ਕਰਦੇ ਸਨ। ਮੋਟੇ ਅਨਾਜਾਂ ਵਿੱਚੋਂ ਬਾਜਰੇ ਤੋਂ ਬਾਅਦ ਕੰਗਣੀ ਨੂੰ ਫਸਲ ਵੱਜੋਂ ਕਾਸ਼ਤ ਕੀਤਾ ਜਾਂਦਾ ਰਿਹਾ ਹੈ। ਦਰਅਸਲ ਇਹ ਮਨੁੱਖੀ ਭੋਜਨ ਲਈ ਉਗਾਇਆ ਜਾਂਦਾ ਸਲਾਨਾ ਘਾਹ ਹੈ ਜੋ 'ਫੌਕਸਟੇਲ ਮਿਲਟ' ਦੇ ਨਾਮ ਨਾਲ਼ ਵੀ ਜਾਣਿਆ ਜਾਂਦਾ ਹੈ 'ਤੇ ਇਸ ਦਾ ਵਿਗਿਆਨਿਕ ਨਾਂ 'ਸਿਟੇਰੀਆ ਇਟੈਲੀਕਾ' ਹੈ।

ਦੱਖਣ ਭਾਰਤ ਵਿੱਚ ਕੰਗਣੀ 'ਸੰਗਮ ਕਾਲ' ਤੋਂ ਲੋਕਾਂ ਦੀ ਮੁੱਖ ਖ਼ੁਰਾਕ ਰਹੀ ਹੈ। ਤਾਮਿਲ ਦੇ ਪੁਰਾਤਨ ਸਾਹਿਤ ਵਿੱਚ ਵੀ ਇਸ ਦਾ ਜ਼ਿਕਰ ਮਿਲ਼ਦਾ ਹੈ। ਇਸ ਦੀ ਕਾਸ਼ਤ ਸਬੰਧੀ ਤੱਥਾਂ ਨੂੰ ਫਰੋਲ਼ਦਿਆਂ ਪਤਾ ਲੱਗਦਾ ਹੈ ਕਿ ਚੀਨ ਦੇ ਸ਼ਿਸ਼ਨ ਵਿੱਚ ਪੀਲ਼ੀ ਨਦੀ ਦੇ ਕੰਢੇ ਇਸ ਦੀ ਕਾਸ਼ਤ ਅੱਜ ਤੋਂ ਤਕਰੀਬਨ 8000 ਸਾਲ ਪਹਿਲਾਂ ਵੀ ਹੁੰਦੀ ਸੀ। ਇਸ ਨੂੰ ਚੀਨੀ ਬਾਜਰਾ ਵੀ ਕਿਹਾ ਜਾਂਦਾ ਹੈ ਅਤੇ ਅੱਜਕੱਲ ਇਹ ਭਾਰਤ, ਅਫ਼ਰੀਕਾ 'ਤੇ ਚੀਨ ਵਿੱਚ ਉਗਾਇਆ ਜਾਂਦਾ ਹੈ। ਸੁੱਕੇ ਅਤੇ ਅਰਧ ਸੁੱਕੇ ਖੇਤਰਾਂ ਵਿੱਚ ਇਹ ਸਲਾਨਾ ਘਾਹ 3-4 ਫੁੱਟ ਤੱਕ ਉੱਚਾ ਹੋ ਜਾਂਦਾ ਹੈ ਜਿਸ ਦੀ ਬੀਜਾਈ ਅਪ੍ਰੈਲ ਮਹੀਨੇ ਵਿੱਚ ਕੀਤੀ ਜਾਂਦੀ ਹੈ। ਤਕਰੀਬਨ ਚਾਰ ਮਹੀਨਿਆਂ ਵਿੱਚ ਪੱਕਣ ਵਾਲ਼ੀ ਫ਼ਸਲ ਦਾ ਬੀਜ ਬਾਰੀਕ 'ਤੇ ਵੱਖ-ਵੱਖ ਰੰਗਾਂ ਦਾ ਹੁੰਦਾ ਹੈ।

ਵਿਗਿਆਨਿਕ ਤੱਥਾਂ ਅਨੁਸਾਰ ਮੂਲ ਅਨਾਜ ਪਾਣੀ ਦੀ ਖਪਤ, ਵਾਤਾਵਰਣ ਤਬਦੀਲੀਆਂ 'ਤੇ ਸਿਹਤ ਦੀ ਦ੍ਰਿਸ਼ਟੀ ਨਾਲ਼ ਕਣਕ ਝੋਨੇ ਤੋਂ ਕਈ ਗੁਣਾ ਬਿਹਤਰ ਹਨ। ਹਲਕੀਆਂ ਤੇ ਮਾਰੂ ਜ਼ਮੀਨਾਂ ਵਿੱਚ ਵੀ ਨਾਮਾਤਰ ਪਾਣੀ ਨਾਲ਼ ਤਿਆਰ ਹੋਣ ਵਾਲ਼ੇ ਮੋਟੇ ਅਨਾਜ ਅੱਜ ਕੱਲ੍ਹ ਮੁੜ ਤੋਂ ਅਮੀਰਾਂ ਦੇ ਖਾਣਿਆਂ ਅਤੇ ਪੰਜ ਤਾਰਾ ਹੋਟਲਾਂ ਦੇ ਟੇਬਲਾਂ ਦਾ ਸ਼ਿੰਗਾਰ ਬਣਦੇ ਜਾ ਰਹੇ ਹਨ ਲੇਕਿਨ ਆਮ ਆਦਮੀ ਅਜੇ ਵੀ ਇਨ੍ਹਾਂ ਮੂਲ ਅਨਾਜਾਂ ਦੇ ਮਹੱਤਵ ਅਤੇ ਅਲੋਕਾਰੀ ਗੁਣਾਂ ਤੋਂ ਅਣਜਾਣ ਜਾਪਦਾ ਹੈ।

ਕੰਗਣੀ ਦੀ ਫ਼ਸਲ ਸਹਿਜੀਵੀ ਜੀਵਾਣੂਆਂ ਨਾਲ਼ ਰਲ਼ ਕੇ ਵਧੇਰੇ ਨਾਈਟ੍ਰੋਜਨ ਸਮੋ ਸਕਦੀ ਹੈ ਅਤੇ ਮਾੜੀਆਂ ਜ਼ਮੀਨਾਂ ਵਿੱਚ ਵੀ ਚੋਖਾ ਉਤਪਾਦਨ ਦੇਣ ਦੀ ਸਮਰਥਾ ਰੱਖਦੀ ਹੈ। ਖੇਤੀ ਜੈਵ-ਵਿਭਿੰਨਤਾ ਵਿੱਚ ਮੂਲ ਅਨਾਜਾਂ ਦਾ ਬਹੁਤ ਵੱਡਾ ਯੋਗਦਾਨ ਹੈ ਜੋ ਤਿੱਤਰ-ਬਟੇਰਿਆਂ ਵਰਗੇ ਅਨੇਕਾਂ ਪੰਛੀਆਂ ਲਈ ਆਸਰਾ ਬਣਦੇ ਹੋਏ ਜੈਵਿਕ-ਵਿਭਿੰਨਤਾ ਵਿੱਚ ਖ਼ੂਬ ਯੋਗਦਾਨ ਪਾਉਂਦੇ ਹਨ।

ਕੰਗਣੀ ਦਾ ਬੀਜ ਸਿਹਤ ਵਰਧਕ ਅਤੇ ਸਰੀਰ ਦੀਆਂ ਪੋਸ਼ਣ ਸਬੰਧੀ ਲੋੜਾਂ ਪੂਰੀਆਂ ਕਰਨ ਦੇ ਸਮਰਥ ਹੈ ਅਤੇ ਇਸ ਵਿੱਚ ਵਿਟਾਮਿਨ ਬੀ-12, ਆਇਰਨ, ਕੈਲਸ਼ੀਅਮ, ਜ਼ਿੰਕ ਵਰਗੇ ਅਨੇਕਾਂ ਤੱਤ ਮੌਜੂਦ ਹੁੰਦੇ ਹਨ ਜੋ ਦਿਲ-ਦਿਮਾਗ ਪ੍ਰਣਾਲੀਆਂ ਦੀ ਨਿਰਵਿਘਨ ਕਾਰਜਸ਼ੀਲਤਾ ਵਿੱਚ ਯੋਗਦਾਨ ਪਾਉਣ ਦੇ ਨਾਲ਼-ਨਾਲ਼ ਚਮੜੀ, ਵਾਲ਼ਾਂ, ਹੱਡੀਆਂ ਦੀ ਮਜ਼ਬੂਤੀ ਲਈ ਲਾਭਕਾਰੀ ਹਨ। ਕੰਗਣੀ ਮਾਸ਼ਪੇਸ਼ੀਆਂ ਦੀ ਕਮਜ਼ੋਰੀ, ਜਿਨਸੀ ਜੋਸ਼ ਵਧਾਉਣ ਲਈ ਵੀ ਬਹੁਤ ਕਾਰਗਰ ਹੈ। ਕੰਗਣੀ ਵਿੱਚ ਗਲੂਟਨ ਨਾਮੀ ਤੱਤ ਦੀ ਨਾਮੌਜੂਦਗੀ ਹੋਣ ਕਰਕੇ ਕਣਕ ਦੀ ਅਲਰਜੀ ਵਾਲ਼ੇ ਲੋਕਾਂ ਲਈ ਬਿਹਤਰੀਨ ਭੋਜਨ ਹੈ। ਵਿਗਿਆਨਿਕ ਰੂਪ ਵਿੱਚ ਇਹ ਸਿੱਧ ਹੋ ਚੁੱਕਿਆ ਹੈ ਕਿ ਕੰਗਣੀ-ਕੋਧਰਾ ਵਰਗੇ ਮੋਟੇ ਅਨਾਜ ਹਰ ਪੱਖੋਂ ਮਨੁੱਖੀ ਸਿਹਤ ਲਈ ਵਧੇਰੇ ਲਾਹੇਵੰਦ ਹਨ। ਇਸੇ ਕਰਕੇ ਹੀ ਪੂਰੀ ਦੁਨੀਆਂ ਇਨ੍ਹਾਂ ਮੋਟੇ ਅਨਾਜਾਂ ਨੂੰ 'ਸੁਪਰ ਫੂਡ' ਦਾ ਦਰਜਾ ਦੇ ਰਹੀ ਹੈ। ਕੰਗਣੀ ਸ਼ੂਗਰ ਦੇ ਮਰੀਜ਼ਾਂ ਲਈ ਵੀ ਬੇਹੱਦ ਲਾਹੇਵੰਦ ਹੈ ਕਿਉਂਕਿ ਇਹ ਖ਼ੂਨ ਵਿੱਚ ਸ਼ੂਗਰ ਦੀ ਮਾਤਰਾ ਨੂੰ ਇੱਕਦਮ ਨਹੀ ਵਧਣ ਦਿੰਦੀ ਅਤੇ ਇਸ ਨੂੰ ਦਲੀਆ, ਖੀਰ, ਪੁਲਾਓ ਆਦਿ ਵਿੱਚ ਕਣਕ ਅਤੇ ਚੌਲਾਂ ਦੇ ਬਦਲ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ।

# ਚ ਚੰਦਨ

*(Santalum album)*



# ਚੰਦਨ
## (Santalum album)

ਮਨੁੱਖ ਅਤੇ ਮਹਿਕ ਦੀ ਸਾਂਝ ਮਨੁੱਖੀ ਹੋਂਦ ਜਿੰਨੀ ਪੁਰਾਣੀ ਹੀ ਜਾਪਦੀ ਹੈ। ਜਦ ਵੀ ਕੁਦਰਤੀ ਮਹਿਕਾਂ ਜਾਂ ਉਹਨਾਂ ਦੇ ਸਰੋਤਾਂ ਦੀ ਗੱਲ ਚਲਦੀ ਹੈ ਤਾਂ ਚੰਦਨ ਦਾ ਖ਼ਿਆਲ ਜ਼ਿਹਨ ਵਿੱਚ ਆਉਣਾ ਸੁਭਾਵਿਕ ਹੈ। ਚੰਦਨ ਦਾ ਜ਼ਿਕਰ ਸਾਡੇ ਮਿਥਿਹਾਸ, ਇਤਿਹਾਸ, 'ਵੇਦਾਂ-ਗ੍ਰੰਥਾਂ' ਹਰ ਥਾਂ ਮੌਜੂਦ ਹੈ। ਦਰਅਸਲ ਚੰਦਨ ਨੂੰ ਹਰ ਪੱਖ ਅਤੇ ਹਰ ਧਰਮ ਵਿੱਚ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਚੰਦਨ ਦੀ ਲੱਕੜ ਸ਼ਿਵ ਭਗਵਾਨ ਦੀ ਪੂਜਾ ਅਤੇ ਹੋਰਨਾਂ ਧਾਰਮਿਕ ਰਹੁ-ਰੀਤਾਂ ਜਿਵੇਂ ਕਿ ਹਵਨ ਆਦਿ ਵਿੱਚ ਸਦੀਆਂ ਤੋਂ ਵਰਤੀ ਜਾਂਦੀ ਰਹੀ ਹੈ। ਦੇਵੀ ਲਕਸ਼ਮੀ ਦਾ ਵਾਸ ਚੰਦਨ ਦੇ ਰੁੱਖ ਉੱਪਰ ਮੰਨਿਆ ਜਾਂਦਾ ਹੈ। ਬੋਧੀਆਂ ਵਿੱਚ ਅਰਦਾਸ ਅਤੇ ਸਿਮਰਨ ਦੌਰਾਨ ਬੁੱਧ ਅਤੇ ਗੁਰੂ ਨੂੰ ਚੰਦਨ ਦੀ ਧੂਪ ਅਰਪਿਤ ਕੀਤੀ ਜਾਂਦੀ ਹੈ। ਜੈਨ ਧਰਮ ਵਿੱਚ ਵੀ ਦੇਵਤਿਆਂ ਦੀ ਪੂਜਾ ਸਮੇਂ ਚੰਦਨ ਦੀ ਵਰਤੋਂ ਕੀਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚੰਦਨ ਦਾ ਜ਼ਿਕਰ ਅਨੇਕ ਵਾਰ ਕੀਤਾ ਗਿਆ ਹੈ। ਭਗਤ ਕਬੀਰ ਜੀ ਨੇ ਫ਼ਰਮਾਇਆ ਹੈ:-

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨ ਹੋਇ ਰਹੇ ਬਸੇ ਜੁ ਚੰਦਨ ਪਾਸਿ॥

ਚੰਦਨ (ਸੰਦਲਵੁੱਡ) ਭਾਰਤੀ ਸੰਸਕ੍ਰਿਤੀ ਨਾਲ਼ ਜੁੜਿਆ ਇੱਕ ਮਹੱਤਪੂਰਨ ਰੁੱਖ ਹੈ। ਜਿਸ ਦਾ ਵਿਗਿਆਨਕ ਨਾਂ 'ਸੈਂਟੇਲਮ ਐਲਬਮ' ਹੈ। ਅਫ਼ਰੀਕਨ ਬਲੈਕਵੁੱਡ ਤੋਂ ਬਾਅਦ ਚੰਦਨ ਦੁਨੀਆਂ ਦੀ ਦੂਜੀ ਸਭ ਤੋਂ ਮਹਿੰਗੀ ਲੱਕੜ ਹੈ। ਚੰਦਨ ਦੀਆਂ ਅਨੇਕਾਂ ਕਿਸਮਾਂ ਵਿਸ਼ਵ ਦੇ ਵੱਖ-ਵੱਖ ਭਾਗਾਂ ਵਿੱਚ ਵੇਖਣ ਨੂੰ ਮਿਲ਼ਦੀਆਂ ਹਨ। ਭਾਰਤ ਵਿੱਚ ਇਹ ਮੁੱਖ ਤੌਰ ਤੇ ਕਰਨਾਟਕ ਦੇ ਜੰਗਲ਼ਾਂ ਵਿੱਚ ਪਾਇਆ ਜਾਂਦਾ ਹੈ। ਚੰਦਨ, ਦਰਮਿਆਨੇ ਕੱਦ ਦਾ ਸਦਾਬਹਾਰ ਰੁੱਖ ਹੈ ਜਿਸ ਦੀਆਂ ਟਾਹਣੀਆਂ ਝੁਕੀਆਂ, ਛਿੱਲ ਖੁਰਦਰੀ ਅਤੇ ਉਸ ਉੱਪਰ ਲੰਮੀਆਂ-ਲੰਮੀਆਂ ਦਰਾੜਾਂ ਪਈਆਂ ਹੁੰਦੀਆਂ ਹਨ। ਇਸ ਦੇ ਪੱਤੇ ਚਮੜੇਦਾਰ, ਜੋੜਿਆਂ ਵਿੱਚ, ਇੱਕ ਦੂਜੇ ਦੇ ਉਲਟ ਹੁੰਦੇ ਹਨ। ਫੁੱਲ ਛੋਟੇ, ਬੈਂਗਣੀ ਰੰਗ ਦੇ, ਛੋਟੇ-ਛੋਟੇ ਗੁੱਛਿਆਂ ਵਿੱਚ ਲਗਦੇ ਹਨ ਅਤੇ ਇਸ ਦੇ ਫ਼ਲ ਵੀ ਬੈਂਗਣੀ ਰੰਗ ਦੇ ਹੀ ਹੁੰਦੇ ਹਨ। ਰੁੱਖ ਦੇ ਤਣੇ ਅਤੇ ਜੜ੍ਹਾਂ ਵਿੱਚ ਪੀਲ਼ਾ ਖ਼ੁਸ਼ਬੂਦਾਰ ਤੇਲ ਹੁੰਦਾ ਹੈ। ਜਿਵੇਂ-ਜਿਵੇਂ ਰੁੱਖ ਦਾ ਵਾਧਾ ਹੁੰਦਾ ਹੈ ਉਵੇਂ-ਉਵੇਂ ਤੇਲ ਦੀ ਮਾਤਰਾ ਵੀ ਵੱਧਦੀ ਜਾਂਦੀ ਹੈ। ਚੰਦਨ ਦਾ ਵਿਕਾਸ ਅਤੇ ਲੱਕੜ/ਤੇਲ ਦੀ ਪ੍ਰਾਪਤੀ ਵਾਤਾਵਰਣ ਹਾਲਤਾਂ ਤੇ ਨਿਰਭਰ ਕਰਦੀ ਹੈ। ਚੰਦਨ ਦੀਆਂ ਮੁੱਖ ਰੂਪ ਵਿੱਚ ਚਾਰ ਕਿਸਮਾਂ ਹਨ - ਭਾਰਤੀ ਚੰਦਨ, ਲਾਲ ਚੰਦਨ, ਸਫ਼ੈਦ ਚੰਦਨ ਅਤੇ ਮਾਲਿਆਗਿਰੀ ਚੰਦਨ।

ਚੰਦਨ ਆਪਣੇ ਸੁਗੰਧੀ ਭਰੇ ਗੁਣਾਂ ਕਰਕੇ ਤਾਂ ਅਨਮੋਲ ਹੈ ਹੀ ਬਲਕਿ ਇਹ ਕਾਰਵਿੰਗ (ਉਕਰੀ) ਲਈ ਵੀ ਵਧੀਆ ਕੁਦਰਤੀ ਸਮੱਗਰੀ ਹੈ। ਇਸ ਦਾ ਤੇਲ/ ਇਤਰ, ਸ਼ਿੰਗਾਰ ਸਮੱਗਰੀ, ਸਾਬਣ, ਮੋਮਬੱਤੀਆਂ, ਧੂਫ ਆਦਿ ਬਣਾਉਣ ਵਿੱਚ ਵਰਤਿਆ ਜਾਂਦਾ ਹੈ ਅਤੇ ਇਸ ਤੋਂ ਇਲਾਵਾ ਅੱਜਕੱਲ੍ਹ ਅਨੇਕਾਂ ਖਾਣਯੋਗ ਪਦਾਰਥਾਂ ਨੂੰ ਮਹਿਕਦਾਰ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ। ਚੰਦਨ ਦੇ ਤੇਲ ਦੀ ਵਰਤੋਂ ਆਯੁਰਵੇਦ, ਚੀਨੀ ਅਤੇ ਤਿੱਬਤੀ ਪ੍ਰਣਾਲੀਆਂ ਵਿੱਚ ਅਨੇਕਾਂ ਮਨੁੱਖੀ ਬੀਮਾਰੀਆਂ ਦੇ ਇਲਾਜ ਲਈ ਕੀਤੀ ਜਾਂਦੀ ਹੈ।

ਭਾਰਤੀ ਚੰਦਨ ਨੂੰ ਆਪਣੇ ਬਿਹਤਰੀਨ ਤੇਲ ਕਾਰਨ ਵਿਸ਼ਵ ਵਿੱਚ ਉਚੇਰਾ ਸਥਾਨ ਪ੍ਰਾਪਤ ਹੈ। ਕੀਮਤੀ ਵਪਾਰਕ ਲੱਕੜ, ਕਲਾ-ਕ੍ਰਿਤੀ, ਇਤਰ ਉਦਯੋਗ ਆਦਿ ਵਿੱਚ ਵਰਤੋਂ ਕਾਰਨ ਭਾਰਤ ਵਿੱਚ ਸਰਕਾਰ ਦੁਆਰਾ ਇਸ ਦੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਚੰਦਨ ਜੜ੍ਹ ਪ੍ਰਜੀਵੀ ਪੌਦਾ ਹੈ ਜੋ ਜ਼ਮੀਨ ਵਿੱਚੋਂ ਪਾਣੀ ਅਤੇ ਜ਼ਰੂਰੀ ਤੱਤਾਂ ਲਈ ਹੋਰਨਾਂ ਪੌਦਿਆਂ ਤੇ ਨਿਰਭਰ ਕਰਦਾ ਹੈ। ਚੰਦਨ ਦੇ ਰੁੱਖਾਂ ਨਾਲ਼ ਹੋਰ ਰੁੱਖ-ਪੌਦੇ ਲਾਉਣੇ ਵੀ ਲਾਜ਼ਮੀ ਸਮਝੇ ਜਾਂਦੇ ਹਨ। ਪੰਜਾਬ ਵਿੱਚ ਕਈ ਲੋਕਾਂ ਨੇ ਵਪਾਰਿਕ ਖੇਤੀ ਲਈ ਚੰਦਨ ਦੇ ਰੁੱਖ ਲਾਏ ਹਨ ਲੇਕਿਨ ਇਸ ਮੰਤਵ ਲਈ ਪੰਜਾਬ ਦਾ ਵਾਤਾਵਰਣ ਪੂਰਨ ਰੂਪ ਵਿੱਚ ਢੁੱਕਵਾਂ ਨਹੀਂ ਹੈ।


ਛ
ਛਛਰਾ
(Butea monosperma)

# ਛਛਰਾ

**(*Butea monosperma*)**

ਛਛਰਾ ਭਾਰਤ ਵਿੱਚ ਪਾਏ ਜਾਣ ਵਾਲ਼ੇ ਬੇਹੱਦ ਅਹਿਮ ਅਤੇ ਬਿਹਤਰੀਨ ਰੁੱਖਾਂ ਵਿੱਚੋਂ ਇੱਕ ਹੈ ਅਤੇ ਇਹ ਵੱਖ-ਵੱਖ ਇਲਾਕਿਆਂ ਵਿੱਚ ਵੱਖ-ਵੱਖ ਨਾਵਾਂ ਜਿਵੇਂ ਕਿ ਢੱਕ, ਪਲਾਸ਼, ਪਲਾਹ, ਕੇਸੂ, ਟੇਸੂ, ਜੰਗਲ਼ ਦੀ ਅੱਗ, ਵਣ ਜਵਾਲ਼ਾ, ਤੋਤਾ ਰੁੱਖ ਆਦਿ ਨਾਲ਼ ਜਾਣਿਆ ਜਾਂਦਾ ਹੈ ਅਤੇ ਇਸ ਦਾ ਵਿਗਿਆਨਿਕ ਨਾਂ 'ਬਿਊਟੀਆ ਮੋਨੋਸਪਰਮਾ' ਹੈ। ਹਿਮਾਲਿਆ ਦੀਆਂ ਕੁਝ ਪਹਾੜੀਆਂ ਤੋਂ ਲੈ ਕੇ ਭਾਰਤ ਦੇ ਦੱਖਣੀ ਸੂਬਿਆਂ ਤੱਕ ਮਿਲ਼ਣ ਵਾਲ਼ਾ ਇਹ ਰੁੱਖ ਜ਼ਿਆਦਾਤਰ ਜੰਗਲ਼ਾਂ ਅਤੇ ਬੰਜਰ ਵੀਰਾਨ ਜ਼ਮੀਨਾਂ ਵਿੱਚ ਵੇਖਣ ਨੂੰ ਮਿਲ਼ਦਾ ਹੈ। ਪੰਜਾਬ ਦੇ ਪਿੰਡਾਂ, ਖੇਤਾਂ ਵਿੱਚ ਹੁਣ ਵਿਰਲੇ ਹੀ ਨਜ਼ਰੀਂ ਆਉਣ ਵਾਲ਼ੇ ਇਸ ਰੁੱਖ ਨੂੰ ਤਕਰੀਬਨ ਸੌ ਏਕੜ ਦੇ ਜੰਗਲ਼ ਵਿੱਚ ਲੁਧਿਆਣਾ ਨੇੜੇ ਮਕਸੂਦੜਾ ਪਿੰਡ ਵਿਖੇ ਢੱਕੀ ਸਾਹਿਬ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ।

ਹਿੰਦੂ ਮਿਥਿਹਾਸ ਵਿੱਚ ਇਸ ਰੁੱਖ ਦਾ ਵਿਸ਼ੇਸ਼ ਸਥਾਨ ਹੈ। ਇਸ ਦੇ ਤਿੰਨ ਪੱਤੇ ਸ਼ਿਵ, ਵਿਸ਼ਨੂੰ ਅਤੇ ਬ੍ਰਹਮਾ ਦੇ ਪ੍ਰਤੀਕ ਸਮਝੇ ਜਾਂਦੇ ਹਨ। ਚੰਦਰ ਦੇਵਤਾ ਪਲਾਸ਼ ਨੂੰ ਪਵਿੱਤਰ ਮੰਨਦਾ ਹੈ। ਇਹ ਰੁੱਖ ਇੰਦਰ ਦੇਵਤਾ ਨਾਲ਼ ਵੀ ਜੁੜਿਆ ਹੋਇਆ ਹੈ। ਹਿੰਦੂ ਧਰਮ ਵਿੱਚ ਬੱਚਿਆਂ ਨੂੰ ਜਨੇਊ ਧਾਰਨ ਕਰਵਾਉਂਦੇ ਹਨ ਜਾਂ ਕੋਈ ਸੰਨਿਆਸ ਲੈਂਦਾ ਹੈ ਤਾਂ ਉਸ ਨੂੰ ਸਭ ਤੋਂ ਪਹਿਲਾਂ ਪਲਾਸ਼ ਦਾ ਪੱਤਾ ਖਾਣ ਨੂੰ ਦਿੱਤਾ ਜਾਂਦਾ ਹੈ। ਹਵਨ ਕਰਨ ਲਈ ਘਿਉ ਭਿੱਜੀਆਂ ਟਾਹਣੀਆਂ ਅਗਨ ਭੇਂਟ ਕੀਤੀਆਂ ਜਾਂਦੀਆਂ ਹਨ। ਛਛਰੇ ਦੇ ਫੁੱਲ ਕਾਲ਼ੀ ਮਾਤਾ ਨੂੰ ਖ਼ੂਨ ਦੀ ਜਗ੍ਹਾ ਭੇਂਟ ਕੀਤੇ ਜਾਂਦੇ ਹਨ ਅਤੇ ਇਸ ਨੂੰ ਅਗਨੀ ਦੇਵ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ।

ਛਛਰਾ ਆਪਣੀ ਹਾਜ਼ਰੀ ਇਤਿਹਾਸ ਵਿੱਚ ਵੀ ਖ਼ੂਬ ਲਵਾਉਂਦਾ ਹੈ। ਭਾਰਤ ਦੀ ਬੇਹੱਦ ਮਸ਼ਹੂਰ ਲੜਾਈ 'ਪਲਾਸੀ ਯੁੱਧ' ਦਾ ਨਾਂ ਇਸੇ ਰੁੱਖ ਦੇ ਨਾਮ ਪਲਾਸ਼ ਤੋਂ ਰੱਖਿਆ ਗਿਆ ਹੈ, ਕਿਉਂਕਿ ਇਹ ਯੁੱਧ ਪਲਾਸ਼ ਦੇ ਜੰਗਲ਼ ਵਿੱਚ ਹੋਇਆ ਸੀ। ਇਸ ਰੁੱਖ ਦਾ ਜ਼ਿਕਰ ਅਨੇਕਾਂ ਕਵੀਆਂ ਅਤੇ ਲੇਖਕਾਂ ਜਿਵੇਂ ਕਿ ਰਬਿੰਦਰ ਨਾਥ ਟੈਗੋਰ, ਕਾਲੀਦਾਸ, ਅਮੀਰ ਖ਼ੁਸਰੋ ਦੀਆਂ ਲਿਖਤਾਂ ਵਿੱਚ ਵੀ ਵੇਖਣ ਨੂੰ ਮਿਲ਼ਦਾ ਹੈ। ਝਾਰਖੰਡ ਦਾ ਇਹ ਰਾਜ ਰੁੱਖ ਹੈ। ਸਿੱਖ ਇਤਿਹਾਸ ਵਿੱਚ ਵੀ ਛਛਰੇ/ਪਲਾਸ਼ ਦਾ ਜ਼ਿਕਰ ਹੈ। ਪੰਜਾਬ ਦੇ ਅਨੇਕਾਂ ਸਥਾਨਾਂ ਤੇ ਗੁਰਦੁਆਰਾ ਪਲਾਹ ਸਾਹਿਬ ਅਤੇ ਢੱਕੀ ਸਾਹਿਬ ਦੇ ਨਾਮ ਨਾਲ਼ ਸੁਸ਼ੋਭਿਤ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਵੀ ਇਸ ਦਾ ਜ਼ਿਕਰ ਵੱਖ-ਵੱਖ ਨਾਵਾਂ ਨਾਲ਼ ਕਈ ਥਾਂ ਤੇ ਕੀਤਾ ਗਿਆ ਹੈ :-
ਜਿਹ ਕੁਲ ਦਾਸੁ ਨਾ ਊਪਜੈ ਸੋ ਕੁਲ ਢਾਕੁ ਪਲਾਸੁ॥ (ਭਗਤ ਕਬੀਰ)

ਬੇਤਰਤੀਬੇ ਅਤੇ ਕੁਢੱਬੇ ਵਿਕਾਸ ਵਾਲ਼ਾ ਤਣਾ ਘੁੰਗਰਾਲ਼ਾ ਅਤੇ ਗੰਢਲ ਹੁੰਦਾ ਹੈ ਜਿਸ ਦੀ ਛਿੱਲ ਰੇਸ਼ੇਦਾਰ ਅਤੇ ਹਲਕੇ ਭੂਰੇ ਰੰਗ ਦੀ ਹੁੰਦੀ ਹੈ। ਦਸੰਬਰ ਵਿੱਚ ਰੁੱਖ ਦੀ ਦਿੱਖ ਬੜੀ ਮਾੜੀ ਹੁੰਦੀ ਹੈ ਪ੍ਰੰਤੂ ਅਪ੍ਰੈਲ-ਮਈ ਮਹੀਨੇ ਅੱਗ ਦੀ ਲਾਟ ਵਾਂਗ ਸੰਤਰੀ ਰੰਗ ਦੇ ਭੜਕੀਲੇ ਫੁੱਲ ਸੰਘਣੇ ਗੁੱਛਿਆਂ ਵਿੱਚ ਨਿਕਲ਼ਦੇ ਹਨ ਜਿਨ੍ਹਾਂ ਦੀ ਦਿੱਖ ਤੋਤੇ ਦੀ ਚੁੰਝ ਵਰਗੀ ਹੁੰਦੀ ਹੈ। ਕੁਝ ਇਲਾਕਿਆਂ ਵਿੱਚ ਪੀਲ਼ੇ ਤੇ ਸਫ਼ੈਦ ਰੰਗ ਦੇ ਫੁੱਲਾਂ ਵਾਲ਼ੇ ਰੁੱਖ ਵੀ ਮਿਲ਼ਦੇ ਹਨ। ਫੁੱਲਾਂ ਵਿੱਚ ਰਸ ਦੀ ਬਹੁਤਾਤ ਹੋਣ ਕਰਕੇ ਅਨੇਕਾਂ ਪੰਛੀ 'ਤੇ ਕਾਟੋ ਵਰਗੇ ਜੀਵ ਇਹਨਾਂ ਦਾ ਸਵਾਦ ਮਾਣਦੇ ਹਨ। ਸਮਾਂ ਪਾ ਕੇ ਫੁੱਲ ਫ਼ਲੀਆਂ ਵਿੱਚ ਤਬਦੀਲ ਹੋ ਜਾਂਦੇ ਹਨ। ਰੁੱਖ ਦੇ ਪੱਤੇ ਇੱਕੋ ਡੰਡੀ ਤੇ ਤਿੰਨ ਮਿਲ਼ਦੇ ਹਨ ਜਿਸ ਕਰਕੇ ਹਿੰਦੀ ਦੀ ਬਹੁਤ ਪ੍ਰਚੱਲਿਤ ਕਹਾਵਤ ਹੈ 'ਢਾਕ ਕੇ ਵਹੀ ਤੀਨ ਪਾਤ'। ਰੁੱਖ ਦਾ ਸੱਕ ਰੇਸ਼ੇਦਾਰ ਹੋਣ ਕਰਕੇ ਰੱਸੀਆਂ 'ਤੇ ਤਸਮੇਂ ਬਣਾਉਣ ਦੇ ਕੰਮ ਆਉਂਦਾ ਰਿਹਾ ਹੈ। ਤਣੇ ਤੋਂ ਨਿਕਲ਼ਦੀ ਗੂੰਦ 'ਬੰਗਾਲ ਕਨੋ' ਦੇ ਨਾਂ ਨਾਲ਼ ਜਾਣੀ ਜਾਂਦੀ ਹੈ ਜੋ ਦਵਾਈਆਂ ਅਤੇ ਚਮੜੇ ਦੀ ਰੰਗਾਈ ਵਿੱਚ ਕੰਮ ਆਉਂਦੀ ਹੈ। ਲਾਖ ਪ੍ਰਾਪਤੀ ਲਈ ਛਛਰਾ ਬਹੁਤ ਬਿਹਤਰ ਰੁੱਖ ਹੈ। ਇਸ ਦੇ ਫੁੱਲਾਂ ਨੂੰ ਕੁਦਰਤੀ ਰੰਗ ਪ੍ਰਾਪਤ ਕਰਨ ਲਈ ਵਰਤਿਆ ਜਾਂਦਾ ਹੈ। ਕਈ ਜਗ੍ਹਾ 'ਤੇ ਇਸ ਦੇ ਪੱਤਿਆਂ ਤੋਂ ਅੱਜ ਵੀ ਡੂੰਨੇ ਅਤੇ ਪਲੇਟਾਂ ਬਣਾਈਆਂ ਜਾਂਦੀਆਂ ਹਨ। ਇਸ ਦੀ ਲੱਕੜ ਪਾਣੀ ਦੇ ਅੰਦਰ ਵਰਤਣ ਲਈ ਉਪਯੋਗੀ ਗਿਣੀ ਜਾਂਦੀ ਹੈ। ਬੀਜਾਂ ਤੋਂ ਤੇਲ, ਲੱਕੜ ਤੋਂ ਚਾਰਕੋਲ, ਗੁੱਦੇ ਤੋਂ ਕਾਗਜ਼ ਆਦਿ ਅਨੇਕਾਂ ਵਸਤਾਂ ਦੀ ਪ੍ਰਾਪਤੀ ਕੀਤੀ ਜਾਂਦੀ ਹੈ।

ਵੈਦਿਕ ਗੁਣਾਂ ਦੀ ਗੱਲ ਕਰੀਏ ਤਾਂ ਰੁੱਖ ਦੇ ਵੱਖ-ਵੱਖ ਭਾਗਾਂ ਤੋਂ ਅਨੇਕਾਂ ਮਨੁੱਖੀ ਬੀਮਾਰੀਆਂ ਜਿਵੇਂ ਕਿ ਅੱਖਾਂ, ਗੁਰਦੇ, ਮੂਤਰ ਰੋਗ, ਮਰਦਾਂ ਦੇ ਗੁਪਤ ਰੋਗ, ਬਵਾਸੀਰ, ਚਮੜੀ ਰੋਗ, ਪੇਟ ਰੋਗ, ਨਾਮਰਦੀ, ਜੋੜਾਂ ਦੇ ਦਰਦ ਆਦਿ ਦੇ ਇਲਾਜ ਲਈ ਨੁਸਖ਼ੇ ਤਿਆਰ ਕੀਤੇ ਜਾਂਦੇ ਹਨ। ਸੋਕਾ ਸਹਾਰਨ, ਖਾਰੀਆਂ ਤੇ ਸੇਮ ਵਾਲ਼ੀਆਂ ਜ਼ਮੀਨਾਂ ਵਿੱਚ ਵਧਣ ਫੁੱਲਣ ਦੀ ਸਮਰਥਾ ਰੱਖਣ ਵਾਲ਼ਾ ਪੰਜਾਬ ਦਾ ਇਹ ਸਖ਼ਤ ਜਾਨ ਵਿਰਾਸਤੀ ਰੁੱਖ ਅੱਜਕੱਲ੍ਹ ਪੰਜਾਬੀ ਧਰਤ ਤੋਂ ਦਿਨ-ਬ-ਦਿਨ ਘਟਦਾ ਜਾ ਰਿਹਾ ਹੈ।

Society for Conservation &
Healing of Environment
ਸੋਚ



# ਜ ਜੰਡ

*(Prosopis cineraria)*







# ਜੰਡ
## *(Prosopis cineraria)*

'ਜੰਡ' ਸਾਡੇ ਦੇਸ਼ ਵਿੱਚ ਮਿਲ਼ਣ ਵਾਲੇ ਬਹੁ-ਉਪਯੋਗੀ ਅਤੇ ਬਿਹਤਰੀਨ ਰੁੱਖਾਂ ਵਿੱਚੋਂ ਇੱਕ ਹੈ ਜੋ ਆਪਣੀ ਹਾਜ਼ਰੀ ਮਿਥਿਹਾਸ, ਇਤਿਹਾਸ, ਰੀਤੀ-ਰਿਵਾਜਾਂ ਅਤੇ ਸਾਹਿਤ-ਸੱਭਿਆਚਾਰ ਵਿੱਚ ਖ਼ੂਬ ਲਵਾਉਂਦਾ ਹੈ। ਹਿੰਦੂ ਮਿਥਿਹਾਸ ਅਨੁਸਾਰ ਰਮਾਇਣ ਵਿੱਚ ਜ਼ਿਕਰ ਆਉਂਦਾ ਹੈ ਕਿ ਭਗਵਾਨ ਰਾਮ ਨੇ ਰਾਵਣ ਤੇ ਹੱਲਾ ਬੋਲਣ ਤੋਂ ਪਹਿਲਾਂ ਜੰਡ ਦੀ ਪੂਜਾ ਕੀਤੀ ਅਤੇ ਮਹਾਂਭਾਰਤ ਵਿੱਚ ਪਾਂਡਵਾਂ ਦੇ ਅਗਿਆਤ ਵਾਸ ਸਮੇਂ ਜੰਡ ਦੀ ਪੂਜਾ ਕਰਨ ਅਤੇ ਆਪਣੇ ਹਥਿਆਰ ਇਸ ਵਿੱਚ ਲੁਕੋ ਕੇ ਰੱਖਣ ਦਾ ਜ਼ਿਕਰ ਆਉਂਦਾ ਹੈ। ਕੁਝ ਇਲਾਕਿਆਂ ਵਿੱਚ ਦਸਹਿਰੇ ਦੇ ਦਿਨ ਜੰਡ ਦੀ ਪੂਜਾ ਦਾ ਰਿਵਾਜ ਹੈ ਅਤੇ ਰਾਵਣ ਨੂੰ ਸਾੜਨ ਉਪਰੰਤ ਘਰ ਨੂੰ ਪਰਤਦੇ ਸਮੇਂ ਜੰਡ ਦੇ ਪੱਤੇ ਲੈ ਕੇ ਆਉਣਾ ਸ਼ੁੱਭ ਮੰਨਿਆ ਜਾਂਦਾ ਹੈ। ਪੰਜਾਬ ਅਤੇ ਰਾਜਸਥਾਨ ਵਰਗੇ ਸੂਬਿਆਂ ਵਿੱਚ ਅਨੇਕਾਂ ਤਿੱਥ-ਤਿਉਹਾਰ, ਪੁੱਤਰ ਜੰਮਣ, ਪੁੱਤਰ ਵਿਆਹੁਣ ਆਦਿ ਰੀਤਾਂ ਨਿਭਾਉਣ ਸਮੇਂ ਜੰਡ ਪੂਜਾ ਕੀਤੀ ਜਾਂਦੀ ਹੈ। ਉਹ ਗੱਲ ਅਲੱਗ ਹੈ ਕਿ ਸਾਡੇ ਲੋਕਾਂ ਨੇ ਪੂਜਾ ਦੇ ਨਾਂ ਤੇ ਰੁੱਖਾਂ ਦੀਆਂ ਜੜ੍ਹਾਂ ਵਿੱਚ ਤੇਲ ਅਤੇ ਲੱਸੀ ਪਾ-ਪਾ ਕੇ ਹਜ਼ਾਰਾਂ ਰੁੱਖ ਖ਼ਤਮ ਕਰ ਦਿੱਤੇ ਹਨ। ਪੀਲੂ ਸ਼ਾਹ ਦੀ ਰਚਨਾ 'ਮਿਰਜ਼ਾ ਸਾਹਿਬਾਂ' ਵਿੱਚ ਜੰਡ ਦਾ ਵਿਸ਼ੇਸ਼ ਜ਼ਿਕਰ ਹੈ:-

ਮੰਦਾ ਕੀਤਾ ਓ ਸਾਹਿਬਾਂ
ਮੇਰਾ ਤਰਕਸ਼ ਟੰਗਿਆ ਜੰਡ।
ਤਿੰਨ ਸੌ ਕਾਨੀ ਮਿਰਜ਼ੇ ਜੁਆਨ ਦੀ
ਦਿੰਦਾ ਸਿਆਲੀਂ ਵੰਡ।

ਸਿੱਖ ਇਤਿਹਾਸ ਤੇ ਝਾਤ ਮਾਰੀਏ ਤਾਂ ਜੰਡ ਦਾ ਰੁੱਖ ਅਨੇਕ ਗੁਰੂ ਸਾਹਿਬਾਨ ਨਾਲ਼ ਜੁੜਿਆ ਹੋਇਆ ਹੈ। ਗੁਰਦੁਆਰਾ ਜੰਡ ਸਾਹਿਬ ਬਠਿੰਡਾ ਦੇ ਪਿੰਡ ਗੁੰਮਟੀ ਕਲਾਂ ਤੋਂ ਇਲਾਵਾ ਜ਼ਿਲ੍ਹਿਆਂ ਫ਼ਰੀਦਕੋਟ, ਫ਼ਿਰੋਜ਼ਪੁਰ, ਹੁਸ਼ਿਆਰਪੁਰ ਆਦਿ ਵਿੱਚ ਅਨੇਕਾਂ ਗੁਰੂਘਰ ਜੰਡ ਦੇ ਸੰਦਰਭ ਵਿੱਚ ਮੌਜੂਦ ਹਨ।

ਜੰਡ ਨੂੰ ਜੰਡੀ, ਖੇਜੜੀ, ਸ਼ਮੀ ਆਦਿ ਨਾਵਾਂ ਨਾਲ਼ ਵੀ ਜਾਣਿਆ ਜਾਂਦਾ ਹੈ 'ਤੇ ਇਸ ਦਾ ਵਿਗਿਆਨਿਕ ਨਾਂ 'ਪ੍ਰੋਸੋਪਿਸ ਸਿਨਰੇਰੀਆ' ਹੈ। ਅੱਤ ਦੀ ਗਰਮੀ ਵਿੱਚ ਜਦ ਤਾਪਮਾਨ 45 ਡਿਗਰੀ ਤੋਂ ਵੀ ਉੱਪਰ ਟੱਪ ਜਾਂਦਾ ਹੈ ਤਾਂ ਜੰਡ ਮਨੁੱਖਾਂ ਤੋਂ ਇਲਾਵਾ ਜਾਨਵਰਾਂ ਦਾ ਵੀ ਸਹਾਰਾ ਬਣਦਾ ਹੈ। ਇਸੇ ਕਰਕੇ ਇਸ ਨੂੰ ਰਾਜਸਥਾਨ ਦਾ ਰਾਜਾ ਜਾਂ ਭਾਰਤੀ ਰੇਗਿਸਤਾਨ ਦਾ 'ਸੁਨਹਿਰੀ ਰੁੱਖ' ਹੋਣ ਦਾ ਮਾਣ ਹਾਸਿਲ ਹੈ। ਇਤਿਹਾਸ ਵਿੱਚ ਜਦ ਵੀ ਅਕਾਲ ਪਿਆ ਤਾਂ ਲੋਕਾਂ ਨੇ ਜੰਡ ਦੀਆਂ ਫਲੀਆਂ ਖਾ ਕੇ ਅਤੇ ਸੱਕ ਦਾ ਆਟਾ ਪਕਾ ਕੇ ਆਪਣੀਆਂ ਜਾਨਾਂ ਬਚਾਈਆਂ।

ਜੰਡ ਰੇਤਲੇ ਇਲਾਕਿਆਂ ਲਈ ਬਿਹਤਰੀਨ ਛਾਂ-ਦਾਰ ਰੁੱਖ ਹੈ। ਇਸ ਦੇ ਬਾਰੀਕ-ਬਾਰੀਕ ਪੱਤੇ ਹੁੰਦੇ ਹਨ ਅਤੇ ਟਾਹਣੀਆਂ ਉੱਪਰ ਗੁਲਾਬ ਵਾਂਗ ਤਿਕੋਣੇ ਕੰਡੇ ਪਾਏ ਜਾਂਦੇ ਹਨ। ਮਈ ਮਹੀਨੇ ਪੀਲ਼ੇ ਰੰਗ ਦੇ ਫੁੱਲ ਪੈਂਦੇ ਹਨ ਜੋ ਸਮਾਂ ਪਾ ਕੇ ਫਲ਼ੀਆਂ, ਜਿਨ੍ਹਾਂ ਨੂੰ ਖੋਖੇ ਕਿਹਾ ਜਾਂਦਾ ਹੈ, ਵਿੱਚ ਤਬਦੀਲ ਹੋ ਜਾਂਦੇ ਹਨ। ਜੰਡ ਦੇ ਚਾਰੇ ਨੂੰ ਲੁੰਗ, ਫੁੱਲਾਂ ਨੂੰ ਮੀਂਝਰ ਅਤੇ ਫਲ਼ਾਂ ਨੂੰ ਸਾਂਗਰੀ ਵੀ ਕਹਿੰਦੇ ਹਨ। ਫਲ਼ੀਆਂ ਤੋਂ ਲੋਕ ਅਚਾਰ, ਸਬਜ਼ੀ ਅਤੇ ਦਹੀਂ ਵਿੱਚ ਪਾ ਕੇ ਰਾਇਤਾ ਵੀ ਬਣਾਉਣਾ ਪਸੰਦ ਕਰਦੇ ਹਨ।

ਜੰਡ ਦਾ ਲੱਗਭਗ ਹਰ ਹਿੱਸਾ ਮਨੁੱਖ ਦੇ ਕੰਮ ਆਉਂਦਾ ਹੋਣ ਕਰਕੇ ਇਸ ਨੂੰ 'ਕਲ ਪੱਤਰ' ਵੱਜੋਂ ਵੀ ਜਾਣਿਆ ਜਾਂਦਾ ਹੈ। ਜੰਡ ਦਾ ਚਾਰਾ ਊਠ ਅਤੇ ਬੱਕਰੀਆਂ ਦੀ ਪਸੰਦੀਦਾ ਖ਼ੁਰਾਕ ਮੰਨੀ ਜਾਂਦੀ ਹੈ। ਵੈਦਿਕ ਨੁਸਖ਼ਿਆਂ ਦੇ ਸੰਦਰਭ ਵਿੱਚ ਜੰਡ ਤੋਂ ਕੋਹੜ, ਦਸਤ, ਦਮਾ, ਬਵਾਸੀਰ, ਚਮੜੀ ਰੋਗ ਆਦਿ ਬੀਮਾਰੀਆਂ ਦਾ ਇਲਾਜ ਕੀਤਾ ਜਾਂਦਾ ਰਿਹਾ ਹੈ। ਪੱਤਿਆਂ ਦਾ ਧੂੰਆਂ ਅੱਖਾਂ ਲਈ ਗੁਣਕਾਰੀ, ਸੱਕ ਤੋਂ ਸੱਪ ਅਤੇ ਬਿੱਛੂ ਦੇ ਡੰਗ ਦਾ ਇਲਾਜ ਵੀ ਕੀਤਾ ਜਾਂਦਾ ਹੈ।

ਰਾਜਸਥਾਨ ਦੇ ਬਿਸ਼ਨੋਈ ਭਾਈਚਾਰੇ ਦੇ ਲੋਕਾਂ ਨੇ ਸੰਨ 1730 ਵਿੱਚ, ਜਦ ਜੋਧਪੁਰ ਦਾ ਰਾਜਾ ਜੰਡ ਵੱਡ ਕੇ ਮਹਿਲ ਬਣਾਉਣਾ ਚਾਹੁੰਦਾ ਸੀ, ਤਾਂ 363 ਮਰਦ, ਔਰਤਾਂ 'ਤੇ ਬੱਚਿਆਂ ਨੇ ਆਪਣੀ ਜਾਨ ਦੇ ਦਿੱਤੀ ਪਰ ਰੁੱਖ ਨਹੀਂ ਸੀ ਵੱਢਣ ਦਿੱਤੇ। ਪੰਜਾਬੀਆਂ ਅਤੇ ਹੋਰਨਾਂ ਸੂਬਿਆਂ ਦੇ ਲੋਕਾਂ ਨੂੰ ਵੀ ਬਿਸ਼ਨੋਈ ਭਾਈਚਾਰੇ ਤੋਂ ਸਿੱਖਿਆ ਲੈਣ ਦੀ ਲੋੜ ਹੈ।

# ਝ ਝਾੜ-ਫ਼ਾਨੂਸ

*(Kigelia pinnata)*









# ਝਾੜ-ਫ਼ਾਨੂਸ
**(*Kigelia pinnata*)**

ਬੜੀ ਖ਼ੂਬਸੂਰਤ 'ਤੇ ਦਿਲਚਸਪ ਜਿਹੀ ਦਿੱਖ ਰੱਖਦੇ ਫੁੱਲਾਂ ਅਤੇ ਫ਼ਲਾਂ ਵਾਲ਼ੇ ਇਸ ਰੁੱਖ ਨੂੰ ਝਾੜ-ਫ਼ਾਨੂਸ ਤੋਂ ਇਲਾਵਾ 'ਬਾਲਮ ਖੀਰਾ' ਅਤੇ 'ਸਾਸੇਜ ਟ੍ਰੀ' ਆਦਿ ਨਾਵਾਂ ਨਾਲ਼ ਵੀ ਜਾਣਿਆ ਜਾਂਦਾ ਹੈ। ਫ਼ਾਨੂਸ ਤੋਂ ਭਾਵ ਹੁੰਦਾ ਹੈ ਚਰਾਗ਼ਦਾਨ ਜੋ ਇਸ ਦੇ ਫੁੱਲਾਂ ਦੀ ਦਿੱਖ ਕਰਕੇ ਸੁਮੇਲਿਆ ਜਾਂਦਾ ਹੈ ਅਤੇ ਇਸ ਦੇ ਫਲ਼ ਵੱਡੇ ਖੀਰੇ ਦੀ ਦਿੱਖ ਹੋਣ ਕਰਕੇ 'ਬਾਲਮ ਖੀਰਾ' ਅਤੇ 'ਹੌਟ ਡਾਗ' ਦੀ ਤਰਾਂ ਦਿਖਣ ਵਾਲ਼ੇ ਵਿਦੇਸ਼ੀ 'ਸਾਸੇਜ' ਨਾਲ਼ ਮਿਲ਼ਦੀ ਹੋਣ ਕਰਕੇ 'ਸਾਸੇਜ ਟ੍ਰੀ' ਵੀ ਕਿਹਾ ਜਾਂਦਾ ਹੈ। ਇਸ ਰੁੱਖ ਦਾ ਵਿਗਿਆਨਿਕ ਨਾਂ 'ਕਿਜੇਲੀਆ ਪਿਨਾਟਾ' ਹੈ ਅਤੇ ਇਸ ਦਾ ਮੂਲ ਸਥਾਨ ਭਾਵੇਂ ਪੱਛਮੀ ਅਫ਼ਰੀਕਾ ਹੈ ਲੇਕਿਨ ਵਿਸ਼ਵ ਦੇ ਅਨੇਕਾਂ ਹਿੱਸਿਆਂ ਦੇ ਨਾਲ਼-ਨਾਲ਼ ਭਾਰਤ ਦੇ ਕਈ ਪ੍ਰਦੇਸ਼ਾਂ ਵਿੱਚੋਂ ਪੰਜਾਬ ਦੇ ਪੌਣ-ਪਾਣੀ ਵਿੱਚ ਵੀ ਵਧਦਾ ਫੁਲਦਾ ਨਜ਼ਰ ਆਉਂਦਾ ਹੈ।

ਗੋਲ਼ ਅਤੇ ਫੈਲਵੇਂ ਛਤਰ ਵਾਲ਼ੇ ਇਸ ਰੁੱਖ ਦੀਆਂ ਟਾਹਣੀਆਂ ਕਾਫ਼ੀ ਸੰਘਣੀਆਂ ਅਤੇ ਭਰਵੀਆਂ ਹੁੰਦੀਆਂ ਹਨ ਜੋ ਪਰਾਂ ਵਰਗੇ ਜੁੜਵੇਂ, ਖੁਰਦਰੇ ਅਤੇ ਗੂੜ੍ਹੇ ਰੰਗ ਦੇ ਪੱਤਿਆਂ ਦੇ ਸੁਮੇਲ ਤੋਂ ਬਣਦੀਆਂ ਹਨ। ਰੁੱਖ ਦੀ ਪਹਿਚਾਣ ਦੂਰੋਂ ਕਰਵਾਉਣ ਵਿੱਚ ਸਹਾਈ ਹੁੰਦੀਆਂ ਹਨ ਰੱਸੀਆਂ ਵਰਗੀਆਂ ਲਮਕਦੀਆਂ ਲੰਮੀਆਂ-ਲੰਮੀਆਂ ਡੰਡੀਆਂ, ਜਿਨ੍ਹਾਂ ਉੱਪਰ ਪਹਿਲਾਂ ਗੂੜੇ ਲਾਲ-ਉਨਾਬੀ ਰੰਗੇ ਪਿਆਲਾਨੁਮਾ ਫੁੱਲ ਵਿਖਾਈ ਦਿੰਦੇ ਹਨ। ਅਪ੍ਰੈਲ-ਮਈ ਮਹੀਨਿਆਂ ਤੋਂ ਲੈ ਕੇ ਲਗ ਭਗ ਅਗਸਤ ਤੱਕ ਇਹ ਫੁੱਲ ਦਿਖਾਈ ਦਿੰਦੇ ਹਨ ਜੋ ਸਮਾਂ ਪਾ ਕੇ ਬਰਸਾਤ ਦੇ ਦਿਨਾਂ ਵਿੱਚ ਖੀਰੇ-ਨੁਮਾ ਫਲ਼ਾਂ ਵਿੱਚ ਤਬਦੀਲ ਹੋ ਜਾਂਦੇ ਹਨ। ਕਈ ਵਾਰ ਰੁੱਖ ਉੱਪਰ ਫੁੱਲ ਅਤੇ ਫਲ਼ ਦੋਨੋਂ ਵੀ ਲਟਕਦੇ ਵਿਖਾਈ ਦਿੰਦੇ ਹਨ। ਫੁੱਲਾਂ ਵਿਚਲੀ ਅਜਬ ਸੁਗੰਧ, ਅਨੇਕ ਤਰ੍ਹਾਂ ਦੇ ਪੰਛੀਆਂ ਅਤੇ ਖ਼ਾਸਕਰ ਚਮਗਿੱਦੜਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ ਅਤੇ ਇਹੀ ਜਾਨਵਰ ਇਸ ਰੁੱਖ ਦੀ ਪ੍ਰਾਗਣ ਕਿਰਿਆ ਵਿੱਚ ਸਹਾਈ ਹੁੰਦੇ ਹਨ।

ਸ਼ੁਰੂਆਤੀ ਦਿਨਾਂ ਵਿੱਚ ਹਰੇ ਅਤੇ ਬਾਅਦ ਵਿੱਚ ਭੂਰੇ ਰੰਗ ਦੇ ਫਲ਼ ਸਾਡੇ ਸੂਬੇ ਵਿੱਚ ਤਾਂ ਇਕ-ਦੋ ਫੁੱਟ ਤੱਕ ਲੰਮੇ ਹੁੰਦੇ ਹਨ ਪਰ ਕਈ ਇਲਾਕਿਆਂ ਵਿੱਚ ਇੱਕ ਮੀਟਰ ਤੱਕ ਲੰਮੇ ਵੀ ਵੇਖੇ ਜਾਂਦੇ ਹਨ ਅਤੇ ਉਨ੍ਹਾਂ ਦਾ ਭਾਰ ਵੀ 8-10 ਕਿੱਲੋ ਤੱਕ ਪੁੱਜ ਸਕਦਾ ਹੈ। ਹਾਲਾਂਕਿ ਪੰਜਾਬ ਵਿੱਚ ਐਨਾ ਆਕਾਰ ਤੇ ਭਾਰ ਵਿਖਾਈ ਨਹੀਂ ਦਿੰਦਾ ਲੇਕਿਨ ਜੇ ਇਹ ਫਲ ਰੁੱਖ ਹੇਠ ਖੜ੍ਹੀ ਕੀਤੀ ਕਾਰ 'ਤੇ ਡਿਗ ਪੈਣ ਤਾਂ ਨੁਕਸਾਨ ਕਰ ਸਕਦੇ ਹਨ। ਕੱਚੇ ਫਲ਼ ਮਨੁੱਖ ਲਈ ਜ਼ਹਿਰੀਲੇ ਹੁੰਦੇ ਹਨ ਲੇਕਿਨ ਇਸ ਦੇ ਬੀਜ ਭੁੰਨ ਕੇ ਖਾਧੇ ਜਾਂਦੇ ਹਨ। ਫੁੱਲ ਰਾਤ ਨੂੰ ਖਿੜਦੇ ਹਨ ਅਤੇ ਦੁਪਿਹਰ ਤੱਕ ਧਰਤੀ ਉੱਪਰ ਡਿੱਗ ਪੈਂਦੇ ਹਨ। ਇਨ੍ਹਾਂ ਫੁੱਲਾਂ ਤੋਂ ਲੋਕ ਲਾਲ ਰੰਗ ਅਤੇ ਜੜ੍ਹਾਂ ਤੋਂ ਪੀਲ਼ੇ ਰੰਗ ਦੀ ਡਾਈ ਵੀ ਪ੍ਰਾਪਤ ਕਰਦੇ ਹਨ। ਇਸ ਦੀ ਲੱਕੜ ਬੇਸ਼ੱਕ ਨਰਮ ਹੁੰਦੀ ਹੈ ਪਰ ਪਾਣੀ ਵਿੱਚ ਨਾ ਗਲਣ ਕਾਰਨ ਕਿਸ਼ਤੀਆਂ ਬਣਾਉਣ ਲਈ ਬਹੁਤ ਵਰਤੀ ਜਾਂਦੀ ਰਹੀ ਹੈ।

ਝਾੜ-ਫਾਨੂਸ ਦੇ ਫ਼ਲ ਵਿਸ਼ਵ ਪੱਧਰ ਤੇ ਬਹੁਤ ਗੁਣਕਾਰੀ ਗਿਣੇ ਜਾਂਦੇ ਹਨ ਜੋ ਚਮੜੀ ਦੇ ਖ਼ਤਰਨਾਕ ਰੋਗਾਂ, ਇੱਥੋ ਤੱਕ ਕਿ ਚਮੜੀ ਦੇ ਕੈਂਸਰ ਤੱਕ ਦੇ ਇਲਾਜ ਵਿੱਚ ਸਹਾਈ ਹੋ ਰਹੇ ਹਨ। ਸ਼ਿੰਗਾਰ ਉਦਯੋਗ ਵਿੱਚ ਇਸ ਦੀ ਵਰਤੋਂ ਅਨੇਕਾਂ ਕਰੀਮਾਂ, ਸ਼ੈਂਪੂ ਆਦਿ ਵਿੱਚ ਹੋਣ ਲੱਗੀ ਹੈ। ਵੈਦ ਲੋਕ ਇਸ ਤੋਂ ਪੇਟ ਦੀਆਂ ਬੀਮਾਰੀਆਂ ਖ਼ਾਸਕਰ ਕਬਜ਼ ਆਦਿ ਲਈ ਚੂਰਨ ਅਤੇ ਹੋਰ ਨੁਸਖ਼ੇ ਵੀ ਤਿਆਰ ਕਰਦੇ ਹਨ। ਕੀਨੀਆ ਦੇਸ਼ ਦੇ ਲੋਕ ਇਸ ਦੇ ਫਲਾਂ ਨੂੰ ਸੁਕਾ ਕੇ ਸ਼ਰਾਬ ਬਣਾਉਣ ਵਿੱਚ ਵਰਤਦੇ ਹਨ। ਜੰਗਲ਼ੀ ਇਲਾਕਿਆਂ ਵਿੱਚ ਲੋਕ ਇਸ ਦੇ ਫਲਾਂ ਵਿੱਚੋਂ ਗੁੱਦਾ ਕੱਢ ਕੇ ਖੋਲ ਨੂੰ ਵਰਤੋਂ ਵਿੱਚ ਲਿਆਉਂਦੇ ਹਨ। ਜੰਗਲ਼ੀ ਜਾਨਵਰ ਖ਼ਾਸਕਰ ਸੇਹ, ਬਾਂਦਰ 'ਤੇ ਹਾਥੀ ਇਨ੍ਹਾਂ ਫਲਾਂ ਨੂੰ ਬੜੇ ਸ਼ੌਂਕ ਨਾਲ਼ ਖਾਂਦੇ ਹਨ। ਇਹ ਰੁੱਖ ਪੰਜਾਬ ਦੀਆਂ ਨਹਿਰਾਂ ਜਾਂ ਸੜਕਾਂ ਕੰਢੇ ਅਕਸਰ ਨਜ਼ਰ ਆਉਂਦਾ ਹੈ।

Society for Conservation & Healing of Environment

# ਞ ਵੰਞਲੀ ਬਾਂਸ

*(Melocanna baccifera)*



# ਵੰਝਲੀ ਬਾਂਸ

## (Melocanna baccifera)

ਕੁਝ ਲੋਕ ਸਮਝਦੇ ਨੇ ਬੱਸ ਏਨਾ ਕੁ ਰਾਗ ਨੂੰ
ਸੋਨੇ ਦੀ ਜੇ ਹੈ ਬੰਸਰੀ ਤਾਂ ਬੇਸੁਰੀ ਨਹੀਂ।

ਸਾਡਾ ਮਿਥਿਹਾਸ, ਇਤਿਹਾਸ, ਸਾਹਿਤ ਅਤੇ ਸੱਭਿਆਚਾਰ ਗਵਾਹ ਹੈ ਕਿ ਬਾਂਸ ਅਤੇ ਬੰਸਰੀ ਦਾ ਸਬੰਧ ਅਨਿੱਖੜਵਾਂ ਹੈ। ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀਆਂ ਕਹਾਣੀਆਂ ਤੋਂ ਲੈ ਅੱਜ ਤੱਕ ਅਨੇਕ ਲੋਕ ਕਥਾਂਵਾਂ ਵਿੱਚ ਵੰਝਲੀ ਦਾ ਜ਼ਿਕਰ ਹੈ। ਵਿਸ਼ਵ ਵਿੱਚ ਪਾਏ ਜਾਣ ਵਾਲ਼ੇ ਕੁਲ ਬਾਂਸ ਵਿੱਚੋਂ ਤਕਰੀਬਨ ਪੰਜਾਹ ਫ਼ੀਸਦੀ ਹਿੱਸਾ ਭਾਰਤ ਵਿੱਚ ਪਾਇਆ ਜਾਂਦਾ ਹੈ ਅਤੇ ਸੌ ਤੋਂ ਵੱਧ ਕਿਸਮਾਂ ਸਾਡੇ ਦੇਸ਼ ਦਾ ਸ਼ਿੰਗਾਰ ਹਨ। ਕਿਸਮਾਂ ਵਿੱਚ ਵਿਭਿੰਨਤਾ ਬਹੁਤ ਜ਼ਿਆਦਾ ਵੇਖਣ ਨੂੰ ਮਿਲ਼ਦੀ ਹੈ। ਕੁਝ ਕੁ ਫੁੱਟ ਦੀ ਉਚਾਈ ਤੋਂ ਲੈ ਕੇ ਕਈ ਕਿਸਮਾਂ ਸੌ ਫੁੱਟ ਤੋਂ ਵੀ ਉੱਚੀਆਂ ਚਲੀਆਂ ਜਾਂਦੀਆਂ ਹਨ। ਅਨਕੂਲ ਵਾਤਾਵਰਣ ਵਿੱਚ, ਬਰਸਾਤਾਂ ਦੇ ਦਿਨੀਂ ਸੰਸਾਰ ਦੇ ਕੁਝ ਹਿੱਸਿਆਂ ਵਿੱਚ ਸਿਰਫ਼ 24 ਘੰਟਿਆਂ ਵਿੱਚ ਕੁਝ ਪ੍ਰਜਾਤੀਆਂ ਦਾ ਵਾਧਾ ਦੋ ਮੀਟਰ ਤੱਕ ਹੋ ਜਾਂਦਾ ਹੈ। ਪ੍ਰੰਤੂ ਇਹ ਗੱਲ ਵਿਸ਼ੇਸ਼ ਤੌਰ ਤੇ ਦੱਸਣ ਯੋਗ ਹੈ ਕਿ ਬਾਂਸ ਦੀ ਹਰ ਕਿਸਮ ਤੋਂ ਵੰਝਲੀ ਨਹੀਂ ਬਣਾਈ ਜਾ ਸਕਦੀ।

ਜਿਹੜੀਆਂ ਕਿਸਮਾਂ ਤੋਂ ਬਿਹਤਰੀਨ ਬੰਸਰੀਆਂ/ਵੰਝਲੀਆਂ ਬਣਦੀਆਂ ਹਨ ਉਨਾਂ ਨੂੰ ਲੋਕ 'ਵੰਝਲੀ ਬਾਂਸ' ਦਾ ਨਾਮ ਵੀ ਦੇ ਦਿੰਦੇ ਹਨ। ਅਨੇਕਾਂ ਕਿਸਮਾਂ ਵਿੱਚ 'ਮੁਲੀ ਬੈਂਬੂ' ਨਾਮੀ ਬਾਂਸ ਦੀ ਕਿਸਮ ਬਿਹਤਰ ਗਿਣੀ ਜਾਂਦੀ ਹੈ ਜਿਸ ਦਾ ਵਿਗਿਆਨਕ ਨਾਂ 'ਮੈਲੋਕਾਨਾ ਬੈਕੀਫੈਰਾ' ਹੈ। ਇਸ ਤੋਂ ਇਲਾਵਾ ਕਾਲ਼ਾ ਬਾਂਸ, ਕਾਰੀਜ਼ੋ, ਸੁਨਹਿਰੀ ਬਾਂਸ, ਇਟਾਲੀਅਨ ਕੇਨ, ਕੁਈਨਾ ਬੈਂਬੂ, ਟੋਨਕਿਨ ਬੈਂਬੂ, ਵੀਵਰ ਬੈਂਬੂ ਆਦਿ ਕਿਸਮਾਂ ਤੋਂ ਵੀ ਵੰਝਲੀਆਂ ਬਣਾਈਆਂ ਜਾਂਦੀਆਂ ਹਨ। ਬੰਸਰੀ ਬਣਾਉਣ ਲਈ ਬਾਂਸ ਦੀਆਂ ਗੱਠਾਂ ਵਿਚਲੀ ਦੂਰੀ ਅਤੇ ਆਵਾਜ਼ ਵਿੱਚ ਸਥਿਰਤਾ ਆਦਿ ਦੇ ਮੱਦੇ ਨਜ਼ਰ ਹੀ ਬਾਂਸ ਦੀ ਚੋਣ ਕੀਤੀ ਜਾਂਦੀ ਹੈ। ਪਹਿਲਾਂ ਪਹਿਲ ਤਾਂ ਸ਼ੌਕੀਨ ਲੋਕ ਬਾਂਸ ਦੀ ਚੋਣ ਤੋਂ ਲੈ ਕੇ ਵੰਝਲੀ ਬਣਾਉਣ 'ਤੇ ਵਜਾਉਣ ਵਾਲ਼ੇ ਸਾਰੇ ਕੰਮ ਖ਼ੁਦ ਹੱਥੀਂ ਕਰਦੇ ਸਨ।

ਭਾਰਤ ਦੇ ਉੱਤਰ ਪੂਰਬੀ ਰਾਜਾਂ ਅਤੇ ਬੰਗਲਾਦੇਸ਼ ਵਿੱਚ ਮੁਲੀ ਬਾਂਸ ਤੋਂ ਬੰਸਰੀਆਂ ਬਣਾਉਣ ਦਾ ਵਿਸ਼ੇਸ਼ ਰੁਝਾਨ ਹੈ। ਮੁਲੀ ਬਾਂਸ ਨੂੰ ਖ਼ਾਸ ਪਹਿਲ ਇਸ ਕਰਕੇ ਦਿੱਤੀ ਜਾਂਦੀ ਹੈ ਕਿਉਂਕਿ ਇਸ ਤੋਂ ਬੰਸਰੀ ਬਣਾਉਣ ਦਾ ਕੰਮ ਆਸਾਨੀ ਨਾਲ਼ ਹੋ ਜਾਂਦਾ ਹੈ ਅਤੇ ਇਸ ਦੀ ਲੱਕੜ ਮਜ਼ਬੂਤ ਹੁੰਦੀ ਹੈ ਜਿਸ ਦਾ ਰੰਗ ਪਹਿਲਾਂ ਹਰਾ ਤੇ ਬਾਅਦ ਵਿੱਚ ਹਲਕਾ ਭੂਰਾ ਹੋ ਜਾਂਦਾ ਹੈ। ਬੰਗਲਾਦੇਸ਼ ਦੇ ਇੱਕ ਪਿੰਡ ਵਿੱਚ ਅਨੇਕਾਂ ਪਰਿਵਾਰ ਕਈ ਕਿਸਮਾਂ ਜਿਵੇਂ ਕਿ ਤੋਤਾ, ਤਾਰ, ਬੀਨ, ਮੋਹਨ ਨਾਮੀ ਬੰਸਰੀਆਂ ਬਣਾਉਂਦੇ ਹਨ। ਪੰਜਾਬ ਵਿੱਚ ਵੰਝਲੀ ਬਾਂਸ ਦੀ ਇਹ ਕਿਸਮ ਅਸਾਨੀ ਨਾਲ਼ ਉਗਾਈ ਜਾ ਸਕਦੀ ਹੈ।

ਸੰਸਾਰ ਦੇ ਅਨੇਕਾਂ ਭਾਗਾਂ ਵਿੱਚ ਬਾਂਸ ਦੀਆਂ ਕਈ ਕਿਸਮਾਂ ਤੋਂ ਸਬਜ਼ੀ ਅਤੇ ਅਚਾਰ ਤਿਆਰ ਕੀਤਾ ਜਾਂਦਾ ਹੈ। 'ਬੈਂਬੂ ਸ਼ਟਲ' ਦੀ ਮੰਗ ਵਿਦੇਸ਼ਾਂ ਵਿੱਚ ਹਰ ਸਾਲ ਵਧ ਰਹੀ ਹੈ। ਬੰਸਰੀ ਤੋਂ ਇਲਾਵਾ ਹੋਰ ਸੰਗੀਤਕ ਸਾਜ਼ ਵੀ ਤਿਆਰ ਕੀਤੇ ਜਾਂਦੇ ਹਨ। ਬਾਂਸ ਤੋਂ ਤਿਆਰ ਹੋਣ ਵਾਲ਼ੀਆਂ ਝੋਪੜੀਆਂ, ਟੋਕਰੀਆਂ, ਛੱਤਾਂ, ਥੰਮ, ਪੱਖੀਆਂ, ਚਟਾਈਆਂ, ਕਾਗ਼ਜ਼, ਤੀਰ-ਕਮਾਨ, ਫ਼ਰਨੀਚਰ, ਖਿਡੌਣੇ ਆਦਿ ਵਿਸ਼ਵ ਪ੍ਰਸਿੱਧ ਹਨ।

ਵੈਦਿਕ ਗੁਣਾਂ ਦੀ ਗੱਲ ਕਰੀਏ ਤਾਂ ਬਾਂਸ ਤੋਂ ਜ਼ਖ਼ਮ, ਸ਼ੋਜ, ਚਮੜੀ, ਪਿੱਤਾ ਅਤੇ ਰੇਸ਼ਾ ਸਬੰਧੀ ਅਨੇਕਾਂ ਬੀਮਾਰੀਆਂ ਦੇ ਇਲਾਜ ਲਈ ਨੁਸਖ਼ੇ ਵੀ ਤਿਆਰ ਕੀਤੇ ਜਾਂਦੇ ਹਨ। ਬਾਂਸ ਨੂੰ ਅਨੇਕਾਂ ਉਤਪਾਦਾਂ ਦੀ ਪ੍ਰਾਪਤੀ ਦੇ ਨਾਲ਼-ਨਾਲ਼ ਖ਼ੂਬਸੂਰਤੀ ਦੇ ਪੱਖੋਂ ਵੀ ਲੈਂਡਸਕੇਪਿੰਗ ਵਿੱਚ ਖ਼ੂਬ ਵਰਤਿਆ ਜਾਂਦਾ ਹੈ।

SOCH Society for Conservation & Healing of Environment ਸੋਚ

# ਟ ਟਾਹਲੀ

*(Dalbergia sissoo)*



# ਟਾਹਲੀ

**(Dalbergia sissoo)**

ਟਾਹਲੀ ਪੰਜਾਬ ਦਾ 'ਰਾਜ ਰੁੱਖ' ਹੈ ਅਤੇ ਇਹ ਹਿਮਾਲਿਆ ਪਰਬਤ ਦੀਆਂ ਹੇਠਲੀਆਂ ਪਹਾੜੀਆਂ ਤੋਂ ਲੈ ਕੇ ਪੰਜਾਬ, ਮਹਾਰਸ਼ਟਰ, ਕਰਨਾਟਕ ਅਤੇ ਦੱਖਣੀ ਸੂਬੇ ਕੇਰਲ, ਤਾਮਿਲਨਾਡੂ ਤੱਕ ਵੇਖਣ ਨੂੰ ਮਿਲ਼ਦਾ ਹੈ। ਵਿਸ਼ਵ ਪੱਧਰ ਤੇ ਟਾਹਲੀ ਨੂੰ ਸ਼ੀਸਮ, ਬਲੈਕ ਵੁੱਡ, ਰੋਜ਼ ਵੁੱਡ ਆਦਿ ਨਾਵਾਂ ਨਾਲ਼ ਜਾਣਿਆ ਜਾਂਦਾ ਹੈ ਅਤੇ ਇਸ ਦਾ ਵਿਗਿਆਨਿਕ ਨਾਂ 'ਡੈਲਬਰਜੀਆ ਸੀਸੂ' ਹੈ। ਕਿਸੇ ਵੇਲੇ ਉੱਚੇ-ਲੰਮੇ ਟਾਹਲੀ ਦੇ ਰੁੱਖ ਪੰਜਾਬ ਦੇ ਪਿੰਡਾਂ, ਖੇਤਾਂ, ਰਾਹ-ਰਸਤਿਆਂ ਦਾ ਸ਼ਿੰਗਾਰ ਹੁੰਦੇ ਸਨ। ਗੂੜ੍ਹੀ ਛਾਂ ਕਰਕੇ ਵੀ ਪਿੰਡਾਂ ਦੀਆਂ ਸੱਥਾਂ, ਛੱਪੜਾਂ, ਖੂਹਾਂ-ਟੋਭਿਆਂ ਤੇ ਟਾਹਲੀ ਹੇਠ ਮਹਿਫ਼ਲਾਂ ਲਗਦੀਆਂ ਸਨ। ਸਖ਼ਤ ਜਾਨ ਹੋਣ ਕਰਕੇ ਤੀਆਂ ਦੇ ਦਿਨੀਂ ਮੁਟਿਆਰਾਂ, ਟਾਹਲੀ 'ਤੇ ਪੀਘਾਂ ਵੀ ਪਾਉਂਦੀਆ ਸਨ। ਲੋਕ ਬੋਲੀਆਂ ਵਿੱਚ ਵੀ ਟਾਹਲੀ ਦੀ ਹਾਜ਼ਰੀ ਲਗਦੀ ਆਈ ਹੈ:-

ਉੱਚੀਆਂ ਲੰਮੀਆਂ ਟਾਹਲੀਆਂ ਵੇ ਹਾਣੀਆਂ ਹੇਠ ਵਗੇ ਦਰਿਆ,
ਮੈਂ ਦਰਿਆ ਦੀ ਮੱਛਲੀ ਵੇ ਸੋਹਣਿਆਂ ਬਗਲਾ ਬਣ ਕੇ ਆ।

ਟਾਹਲੀ ਦੀ ਲੱਕੜ ਬਹੁਤ ਚੰਗੀ ਅਤੇ ਹੰਢਣਸਾਰ ਹੋਣ ਕਰਕੇ ਇਸ ਨੂੰ ਪੰਜਾਬ ਦੇ ਸਾਗਵਾਨ ਵੱਜੋਂ ਵੀ ਜਾਣਿਆ ਜਾਂਦਾ ਹੈ। ਟਾਹਲੀ, ਉੱਨੀਵੀਂ ਸਦੀ ਦਾ ਪੰਜਾਬ ਦੀਆਂ ਸੜਕਾਂ ਕੰਢੇ ਲੱਗਿਆ ਸਭ ਤੋਂ ਬਿਹਤਰ 'ਤੇ ਗੁਣਕਾਰੀ ਰੁੱਖ ਹੈ। ਸਿੱਲ੍ਹਾ ਵਾਤਾਵਰਣ ਇਸ ਰੁੱਖ ਲਈ ਪਸੰਦੀਦਾ ਹੋਣ ਕਰਕੇ ਅਕਸਰ ਦਰਿਆਵਾਂ, ਚੋਆਂ ਅਤੇ ਵਗਦੇ ਪਾਣੀਆਂ ਦੇ ਕੰਢੇ ਜ਼ਿਆਦਾ ਗਿਣਤੀ ਵਿੱਚ ਮਿਲਦਾ ਹੈ। ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਦੀਆਂ ਸੜਕਾਂ ਕੰਢੇ ਲੱਗੀਆਂ ਟਾਹਲੀਆਂ-ਕਿੱਕਰਾਂ ਨੂੰ ਬੀਮਾਰੀ ਨੇ ਖਾ ਲਿਆ 'ਤੇ ਰਹਿੰਦੀ ਖੂੰਹਦੀ ਕਸਰ ਖੇਤਾਂ ਵਿੱਚ ਹਾੜੀ-ਸਾਉਣੀ ਦੇ ਨਾੜ ਨੂੰ ਲੱਗਦੀ ਅੱਗ ਨੇ ਪੂਰੀ ਕਰ ਦਿੱਤੀ। ਇੱਕ ਸਮਾਂ ਸੀ ਜਦ ਟਾਹਲੀ ਦੇ ਖੇਤੀਂ ਖੜ੍ਹੇ ਰੁੱਖ ਬੈਂਕ ਦੀ ਐਫ.ਡੀ. ਵਰਗੇ ਹੁੰਦੇ ਸਨ ਜੋ ਘਰ ਵਿੱਚ ਖ਼ੁਸ਼ੀ-ਗ਼ਮੀ ਦੇ ਮੌਕੇ ਪੈਸੇ ਦੀ ਥੁੜ ਸਮੇਂ ਵਰਤੋਂ ਵਿੱਚ ਆ ਜਾਂਦੇ ਸਨ।

ਟਾਹਲੀ ਦੇ ਪੱਤੇ ਦਿਲ ਦੀ ਸ਼ਕਲ ਜਾਂ ਪਤਾਸਿਆਂ ਦੀ ਤਰ੍ਹਾਂ ਗੋਲ਼-ਮੋਲ਼ ਜਿਹੇ ਹੁੰਦੇ ਹਨ, ਜੋ ਸਰਦੀ ਵਿੱਚ ਝੜ ਜਾਂਦੇ ਹਨ ਅਤੇ ਫਰਵਰੀ-ਮਾਰਚ ਵਿੱਚ ਰੁੱਖ ਦੁਬਾਰਾ ਭਰਨਾ ਸ਼ੁਰੂ ਹੋ ਜਾਂਦਾ ਹੈ। ਉਸ ਉਪਰੰਤ ਸਫ਼ੈਦ ਰੰਗ ਦੇ ਹਲਕੀ ਸੁਗੰਧ ਵਾਲ਼ੇ ਫੁੱਲ ਪੈਂਦੇ ਹਨ ਜੋ ਜ਼ਿਆਦਾ ਸਮਾਂ ਵਿਖਾਈ ਨਹੀਂ ਦਿੰਦੇ ਅਤੇ ਜਲਦੀ ਫੀਤੀਆਂ ਵਰਗੀ ਦਿੱਖ ਰੱਖਣ ਵਾਲ਼ੀਆਂ ਚਪਟੀਆਂ ਫਲ਼ੀਆਂ ਵਿੱਚ ਤਬਦੀਲ ਹੋ ਜਾਂਦੇ ਹਨ। ਰੁੱਖ ਦਾ ਬੀਜ ਹਵਾ ਤੇ ਪਾਣੀ ਰਾਹੀਂ ਵੱਖ-ਵੱਖ ਦਿਸ਼ਾਵਾਂ ਵਿੱਚ ਵੰਡਿਆ ਜਾਂਦਾ ਹੈ 'ਤੇ ਢੁੱਕਵਾਂ ਮਾਹੌਲ ਮਿਲ਼ਣ ਤੇ ਪੌਦੇ ਖ਼ੁਦ-ਬ-ਖ਼ੁਦ ਉੱਗਣੇ ਸ਼ੁਰੂ ਹੋ ਜਾਂਦੇ ਹਨ। ਕੁਝ ਲੋਕ ਜੜ੍ਹਾਂ ਦੀਆਂ ਫੁੱਟੀਆਂ ਸ਼ਾਖ਼ਾਂ ਤੋਂ ਵੀ ਪੌਦੇ ਤਿਆਰ ਕਰ ਲੈਂਦੇ ਹਨ। ਟਾਹਲੀ ਲਈ ਚੰਗੇ ਜਲ ਨਿਕਾਸ ਵਾਲ਼ੀਆਂ ਜ਼ਮੀਨਾਂ ਬਿਹਤਰ ਹੁੰਦੀਆਂ ਹਨ, ਖੜ੍ਹਾ ਪਾਣੀ ਰੁੱਖਾਂ ਲਈ ਹਾਨੀਕਾਰਕ ਸਿੱਧ ਹੁੰਦਾ ਹੈ। ਟਾਹਲੀ ਹਵਾ ਵਿੱਚੋਂ ਨਾਈਟ੍ਰੋਜਨ ਲੈਂਦੀ ਹੋਣ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਅਤੇ ਸੋਕੇ ਦੇ ਦਿਨਾਂ ਵਿੱਚ ਪਸ਼ੂਆਂ ਦੇ ਚਾਰੇ ਵਜੋਂ ਵੀ ਕੰਮ ਆਉਂਦੀ ਹੈ।

ਟਾਹਲੀ ਆਪਣੇ ਵੈਦਿਕ ਗੁਣਾਂ ਕਰਕੇ ਵੀ ਜਾਣੀ ਜਾਂਦੀ ਹੈ। ਰੁੱਖ ਤੋਂ ਮਿਲ਼ਣ ਵਾਲ਼ੇ ਤੇਲ ਨੂੰ ਚਮੜੀ ਰੋਗ ਅਤੇ ਪੱਤਿਆਂ ਨੂੰ ਔਰਤਾਂ ਦੀ ਛਾਤੀ ਅਤੇ ਮਾਸਿਕ ਧਰਮ ਰੋਗਾਂ ਲਈ ਵਰਤਿਆ ਜਾਂਦਾ ਹੈ। ਤੇਲ ਮਰਦਾਂ ਦੇ ਗੁਪਤ ਰੋਗਾਂ ਅਤੇ ਟਾਹਣੀਆਂ/ਪੱਤੇ ਦੰਦਾਂ ਦੀਆਂ ਬਿਮਾਰੀਆਂ 'ਤੇ ਮੂਤਰ ਰੋਗਾਂ ਵਿੱਚ ਸਹਾਈ ਹੁੰਦੇ ਹਨ।

ਟਾਹਲੀ ਦੀ ਲੱਕੜ ਭਾਰਤ ਵਿੱਚ ਮਿਲ਼ਣ ਵਾਲ਼ੀਆਂ ਸਭ ਤੋਂ ਮਜ਼ਬੂਤ ਤੇ ਉਪਯੋਗੀ ਲੱਕੜਾਂ ਵਿੱਚੋਂ ਇੱਕ ਹੈ। ਪੁਰਾਣੀ ਟਾਹਲੀ ਦੀ ਲੱਕੜ ਵਿੱਚਕਾਰੋਂ ਕਿਰਮਚੀ-ਲਾਲ ਜਾਂ ਕਾਲ਼ੀ-ਲਾਲ ਭਾਹ ਮਾਰਦੀ ਹੈ ਜੋ ਇਮਾਰਤਸਾਜ਼ੀ, ਫ਼ਰਨੀਚਰ, ਖੇਤੀ-ਸੰਦ ਆਦਿ ਅਨੇਕਾਂ ਤਰੀਕਿਆਂ ਰਾਹੀਂ ਮਨੁੱਖ ਦੇ ਕੰਮ ਆਉਂਦੀ ਹੈ। ਟਾਹਲੀ ਤੋਂ ਬਿਹਤਰੀਨ ਲੱਕੜ ਪ੍ਰਾਪਤ ਕਰਨ ਲਈ ਲੰਮਾ ਇੰਤਜ਼ਾਰ ਕਰਨਾ ਪੈਂਦਾ ਹੈ। ਹਾਲਾਂਕਿ ਅੱਜ ਘੱਟ ਸਮੇਂ ਵਿੱਚ ਹੋਣ ਵਾਲ਼ੀਆਂ ਖੇਤੀ ਜੰਗਲਾਤ ਫਸਲਾਂ ਲੱਗਦੀਆਂ ਹਨ ਪ੍ਰੰਤੂ ਟਾਹਲੀ ਦੀ ਸਰਦਾਰੀ ਅਜੇ ਵੀ ਕਾਇਮ ਹੈ।

# ਠ ਰੀਠਾ

*(Sapindus mukorossi)*



# ਰੀਠਾ

## *(Sapindus mukorossi)*

ਇਕ ਹਾਰੇ ਦੀ ਮਿੱਟੀ,
ਇਕ ਚੁੱਲ੍ਹੇ ਦੀ ਮਿੱਟੀ
ਕਾਲ਼ੇ ਰੀਠੇ ਦੇ ਲੜ ਲਾ 'ਤੀ ਨੀਂ ਮੈਂ ਚਾਨਣ ਦੀ ਟਿੱਕੀ.........

ਰੀਠੇ ਦਾ ਰੁੱਖ ਸਾਡੇ ਨਾਲ਼ ਸਾਹਿਤ-ਸੱਭਿਆਚਾਰ, ਧਾਰਮਿਕ, ਵੈਦਿਕ ਅਤੇ ਹੋਰਨਾਂ ਕਈ ਪੱਖਾਂ ਤੋਂ ਗੂੜ੍ਹੀ ਸਾਂਝ ਰੱਖਦਾ ਹੈ। ਉਪਰੋਕਤ ਲੋਕ ਬੋਲੀ ਵਿੱਚ ਪੱਕੇ ਰੰਗ ਦੇ ਮੁੰਡੇ ਦੀ ਤੁਲਨਾ ਕਾਲ਼ੇ ਰੀਠੇ ਅਤੇ ਸੁਨੱਖੀ ਕੁੜੀ ਦੀ ਤੁਲਨਾ ਚਾਨਣ ਦੀ ਟਿੱਕੀ ਨਾਲ਼ ਕੀਤੀ ਗਈ ਹੈ। ਸਮੇਂ ਦੇ ਚੱਲਦਿਆਂ ਅਸੀਂ ਤਰੱਕੀ ਦੀ ਪੌੜੀ ਤਾਂ ਚੜ੍ਹਦੇ ਗਏ, ਪਰ ਕੁਦਰਤੀ ਨਿਆਮਤਾਂ ਤੋਂ ਦੂਰ ਹੋ ਗਏ ਹਾਂ, ਜਿਸ ਦੇ ਫਲਸਰੂਪ ਅੱਜ ਰੀਠੇ ਵਰਗੇ ਗੁਣਕਾਰੀ ਰੁੱਖ-ਪੌਦੇ ਹੌਲ਼ੀ-ਹੌਲ਼ੀ ਸਾਡੀ ਜ਼ਿੰਦਗੀ ਵਿੱਚੋਂ ਮਨਫ਼ੀ ਹੁੰਦੇ ਜਾ ਰਹੇ ਹਨ। ਸਾਡੇ ਵਡ-ਵਡੇਰੇ ਜਾਂ ਖ਼ਾਸ ਕਰ ਗੁਰੂ-ਪੀਰਾਂ ਦਾ ਸਬੰਧ ਰੁੱਖਾਂ-ਪੌਦਿਆਂ ਨਾਲ਼ ਬਹੁਤ ਹੀ ਨੇੜਲਾ ਰਿਹਾ, ਜਿਸ ਦੀਆਂ ਅਨੇਕਾਂ ਉਦਾਹਰਨਾਂ ਵੇਖਣ ਨੂੰ ਮਿਲ਼ਦੀਆਂ ਹਨ।

ਰੀਠੇ ਦਾ ਨਾਂ ਲੈਂਦਿਆਂ ਹੀ ਸਭ ਤੋਂ ਪਹਿਲਾਂ ਸਾਡੇ ਜ਼ਿਹਨ ਵਿੱਚ ਗੁਰਦੁਆਰਾ 'ਰੀਠਾ ਸਾਹਿਬ' ਆਉਂਦਾ ਹੈ ਜੋ ਕਿ ਯੂ.ਪੀ. ਦੇ ਊਧਮ ਸਿੰਘ ਨਗਰ ਜ਼ਿਲ੍ਹੇ ਵਿੱਚ ਰੁਦਰਪੁਰ-ਟਨਕਪੁਰ ਸੜਕ 'ਤੇ ਸਥਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੁੱਖ ਨਾਲ਼ ਵਿਆਕੁਲ ਮਰਦਾਨੇ ਨੂੰ ਜੰਗਲ਼ ਵਿੱਚ ਰੀਠੇ ਦੇ ਰੁੱਖ ਤੋਂ ਰੀਠੇ ਤੋੜ ਕੇ ਖਾਣ ਦਾ ਆਦੇਸ਼ ਦਿੱਤਾ ਸੀ। ਆਮ ਹਾਲਤਾਂ ਵਿਚ ਕੌੜੇ ਫ਼ਲ ਜਦੋਂ ਮਰਦਾਨੇ ਨੇ ਖਾਧੇ ਤਾਂ ਉਹ ਮਿੱਠੇ ਸਨ। ਇਨ੍ਹਾਂ ਮਿੱਠੇ ਰੀਠਿਆਂ ਦਾ ਜ਼ਿਕਰ ਭਾਈ ਕਾਨ੍ਹ ਸਿੰਘ ਨਾਭਾ ਅਤੇ ਹੋਰਨਾਂ ਕਈ ਇਤਿਹਾਕਾਰਾਂ ਦੀਆਂ ਲਿਖਤਾਂ ਵਿੱਚ ਵੇਖਣ ਨੂੰ ਮਿਲ਼ਦਾ ਹੈ। ਸਿੱਖ ਇਤਿਹਾਸ ਵਿੱਚ ਗੁਰਦੁਆਰਾ ਰੀਠਾ ਸਾਹਿਬ ਦਾ ਅਹਿਮ ਸਥਾਨ ਹੈ 'ਤੇ ਲੋਕ ਮਿੱਠੇ ਰੀਠਿਆਂ ਨੂੰ ਪ੍ਰਸ਼ਾਦ ਦੇ ਰੂਪ ਵਿੱਚ ਲਿਆਉਂਦੇ ਹਨ।

ਉੱਤਰੀ ਭਾਰਤ ਦੇ ਅਨੇਕਾਂ ਪ੍ਰਦੇਸ਼ਾਂ, ਹਿਮਾਲਿਆ ਦੀਆਂ ਨੀਵੀਂਆਂ ਪਹਾੜੀਆਂ ਵਿੱਚ ਪਾਏ ਜਾਣ ਵਾਲ਼ੇ ਇਸ ਰੁੱਖ ਦਾ ਮੂਲ ਸਥਾਨ ਚੀਨ ਮੰਨਿਆ ਜਾਂਦਾ ਹੈ ਅਤੇ ਇਸ ਦਾ ਵਿਗਿਆਨਿਕ ਨਾਂ 'ਸੈਪਿੰਡਸ ਮਿਉਕੋਰੋਸਾਈ' ਹੈ। ਸਮੁੱਚੇ ਵਿਸ਼ਵ ਵਿੱਚ ਇਸ ਨੂੰ 'ਸੋਪਨਟ ਟ੍ਰੀ' ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਦਰਅਸਲ, ਰੀਠੇ ਦੇ ਫਲ਼ਾਂ ਵਿੱਚ 'ਸੈਪੋਨਿਨ' ਨਾਮੀਂ ਇਕ ਰਸਾਇਣ ਹੁੰਦਾ ਹੈ ਜੋ ਸਾਬਣ ਜਾਂ ਹੋਰਨਾਂ ਧੁਆਈ ਵਾਲ਼ੇ ਪਦਾਰਥਾਂ ਵਿੱਚ ਵਰਤਿਆ ਜਾਂਦਾ ਹੈ। ਪਿਛਲੇ ਕੁਝ ਸਾਲਾਂ ਵਿੱਚ ਕੁਦਰਤੀ ਉਤਪਾਦਾਂ ਦੀ ਮੰਗ ਵਿਸ਼ਵ ਮੰਡੀ ਵਿੱਚ ਵਧਣ ਸਦਕਾ ਕਈ ਕੰਪਨੀਆਂ ਭਾਰਤ ਤੋਂ ਰੀਠੇ ਦੇ ਫਲ਼ਾਂ ਤੋਂ ਤਿਆਰ ਉਤਪਾਦ ਵਿਦੇਸ਼ਾਂ ਵਿੱਚ ਭੇਜ ਰਹੀਆਂ ਹਨ।

ਦਰਮਿਆਨੇ ਜਿਹੇ ਕੱਦ ਦੇ ਇਸ ਪੱਤਝੜੀ ਰੁੱਖ ਦੀ ਥੋੜ੍ਹੀ-ਥੋੜ੍ਹੀ ਦਿੱਖ ਤੁਣ ਦੇ ਰੁੱਖ ਵਰਗੀ ਹੁੰਦੀ ਹੈ, ਜੋ ਸਰਦ ਰੁੱਤ ਦੌਰਾਨ ਪੱਤੇ ਝਾੜ ਦਿੰਦਾ ਹੈ, ਮਾਰਚ-ਅਪ੍ਰੈਲ ਵਿੱਚ ਦੁਬਾਰਾ ਭਰ ਜਾਂਦਾ ਹੈ। ਮਈ-ਜੂਨ ਦੌਰਾਨ ਹਰੀ, ਸਫ਼ੈਦ ਭਾਹ ਮਾਰਦੇ ਫੁੱਲ ਰੁੱਖ ਉੱਪਰ ਵਿਖਾਈ ਦਿੰਦੇ ਹਨ, ਜੋ ਨਵੰਬਰ-ਦਸੰਬਰ ਤਕ ਗੋਲ਼ਾਕਾਰ ਜਿਹੇ ਫਲ਼ਾਂ ਵਿੱਚ ਤਬਦੀਲ ਹੋ ਜਾਂਦੇ ਹਨ। ਭੂਰੇ-ਕਾਲ਼ੇ ਰੰਗ ਦੇ ਗੁੱਛਿਆਂ ਵਿੱਚ ਲੱਗੇ ਫਲ਼ ਅੰਦਾਜ਼ਨ ਦੋ ਮਹੀਨੇ ਲਟਕਦੇ ਵਿਖਾਈ ਦਿੰਦੇ ਹਨ। ਰੀਠੇ ਦੇ ਫਲ ਵਿੱਚ 2-3 ਬੀਜ ਪਾਏ ਜਾਂਦੇ ਹਨ।

ਪੁਰਾਣੇ ਵੇਲ਼ਿਆਂ ਵਿੱਚ ਵੰਨ-ਸੁਵੰਨੇ ਸ਼ੈਂਪੂ 'ਤੇ ਸਾਬਣ ਨਹੀਂ ਹੁੰਦੇ ਸਨ। ਲੋਕ ਸਿਰ ਅਤੇ ਕੱਪੜੇ ਆਦਿ ਧੋਣ ਲਈ ਰੀਠਿਆਂ ਦੀ ਵਰਤੋਂ ਕਰਦੇ ਸਨ, ਜੋ ਆਮ ਸਾਬਣ ਨਾਲ਼ੋਂ ਮੈਲ਼ ਬਿਹਤਰ ਦੂਰ ਕਰ ਦਿੰਦੇ ਸਨ। ਅਜੋਕੇ ਯੁੱਗ ਵਿੱਚ ਵੀ ਨਾਮੀਂ ਕੰਪਨੀਆਂ ਸਾਬਣ, ਡਿਟਰਜੈਂਟ, ਸ਼ੈਂਪੂ ਆਦਿ ਬਣਾਉਣ ਲਈ ਰੀਠੇ ਵਿੱਚ ਮੌਜੂਦ ਸੈਪੋਨਿਨ ਦੀ ਵਰਤੋਂ ਕਰਦੀਆਂ ਹਨ। ਬੀਜਾਂ ਵਿੱਚੋਂ ਨਿਕਲ਼ਦਾ ਤੇਲ ਵੀ ਸਾਬਣ ਉਦਯੋਗ ਵਿੱਚ ਵਰਤਿਆ ਜਾਂਦਾ ਹੈ।

ਰੀਠੇ ਦੇ ਵੈਦਿਕ ਗੁਣ ਵੀ ਅਨੇਕਾਂ ਹਨ, ਜੋ ਆਯੁਰਵੈਦਿਕ ਪ੍ਰਣਾਲੀ ਵਿੱਚ ਖ਼ੂਬ ਵਰਤੋਂ ਵਿੱਚ ਲਿਆਏ ਜਾਂਦੇ ਹਨ। ਮੁੱਖ ਰੂਪ ਵਿੱਚ ਇਹ ਮਿਰਗੀ, ਕਫ਼, ਵਾਲ਼ਾਂ ਦੇ ਰੋਗ, ਬਵਾਸੀਰ, ਪੇਟ ਰੋਗ, ਔਰਤਾਂ ਦੇ ਗੁਪਤ ਰੋਗ, ਫੁਲਵਹਿਰੀ, ਅੱਖਾਂ ਦੀਆਂ ਬਿਮਾਰੀਆਂ ਆਦਿ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਪੁਰਾਣੇ ਵੇਲ਼ਿਆਂ ਵਿੱਚ ਦਾਈਆਂ ਅਣਚਾਹੇ ਗਰਭ ਡੇਗਣ ਲਈ ਰੀਠੇ ਦੀ ਵਰਤੋਂ ਕਰਦੀਆਂ ਸਨ। ਰੀਠੇ ਨੂੰ ਸੱਪ ਜਾਂ ਬਿੱਛੂ ਦੇ ਜ਼ਹਿਰੀਲੇ ਡੰਗ ਵਾਲ਼ੇ ਸਥਾਨ ਤੇ ਵੀ ਵਰਤਿਆ ਜਾਂਦਾ ਰਿਹਾ ਹੈ।

# ਡ

## ਡੇਕ

*(Melia azedarach)*









# ਡੇਕ

**(*Melia azedarach*)**

ਹਰੀਏ ਹਰੀਏ ਡੇਕੇ ਨੀਂ ਫੁੱਲ ਦੇ ਦੇ।
ਅੱਜ ਮੈਂ ਜਾਣਾ ਪੇਕੇ ਨੀਂ ਫੁੱਲ ਦੇ ਦੇ।

ਪੁਰਾਣੇ ਵੇਲ਼ਿਆਂ ਤੋਂ ਸੁਣਦੇ ਆ ਰਹੇ ਹਾਂ ਕਿ ਧੀਆਂ 'ਤੇ ਧਰੇਕਾਂ ਵਿਹੜੇ ਦੀ ਰੌਣਕ ਹੁੰਦੀਆਂ ਹਨ। ਕਦੇ ਧੀਆਂ-ਧਿਆਣੀਆਂ ਦਾ ਰਲ਼ ਘਰ ਦੇ ਵਿਹੜੇ ਹੱਸਣਾ ਖੇਡਣਾ, ਡੇਕਾਂ-ਧਰੇਕਾਂ ਦੇ ਕਾਸ਼ਣੀ ਰੰਗੇ ਫੁੱਲਾਂ ਦੀ ਮਹਿਕ ਦਾ ਖਿੰਡਣਾ, ਅਕਸਰ ਵੇਖਣ ਨੂੰ ਮਿਲ਼ਦਾ ਸੀ। ਪ੍ਰੰਤੂ ਅੱਜ ਦੇ ਇਸ ਬੇਹੱਦ ਤੇਜ਼-ਤਰਾਰ ਯੁੱਗ ਵਿੱਚ ਨਸੀਬਾਂ ਵਾਲ਼ੇ ਘਰ ਹਨ ਜਿਨ੍ਹਾਂ ਦੇ ਵਿਹੜੇ ਧੀਆਂ 'ਤੇ ਧਰੇਕਾਂ ਦੀ ਰੌਣਕ ਇੱਕਠਿਆਂ ਵੇਖਣ ਨੂੰ ਮਿਲ਼ਦੀ ਹੈ। ਘਰਾਂ ਦੇ ਨਾਲ਼-ਨਾਲ਼ ਖੇਤਾਂ ਵਿੱਚ ਵੀ ਹਲਟਾਂ ਵਾਲ਼ੇ ਖੂਹਾਂ, ਬੰਬੀਆਂ-ਮੋਟਰਾਂ ਦੇ ਨੇੜੇ ਡੇਕ-ਤੂਤ ਆਦਿ ਰੁੱਖਾਂ ਦੀ ਠੰਡੀ ਛਾਂ ਹੁੰਦੀ ਸੀ। ਹਿਮਾਲਿਆ ਦੀ ਤਰਾਈ ਅਤੇ ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਲੈ ਕੇ ਚੀਨ, ਬਲੋਚਿਸਤਾਨ ਤੱਕ ਇਹ ਰੁੱਖ ਵੇਖਣ ਨੂੰ ਮਿਲਦਾ ਹੈ। ਆਸਾਮ ਵਿੱਚ ਚਾਹ ਅਤੇ ਕੌਫੀ ਦੇ ਬਾਗ਼ਾਂ ਵਿੱਚ ਇਸ ਨੂੰ ਛਾਂ ਰੁੱਖ ਵੱਜੋਂ ਵੀ ਲਾਇਆ ਜਾਂਦਾ ਹੈ। ਨਿੰਮ ਦੇ ਨਜ਼ਦੀਕੀ ਰਿਸ਼ਤੇਦਾਰ ਇਸ ਰੁੱਖ ਦਾ ਵਿਗਿਆਨਿਕ ਨਾਂ 'ਮੇਲੀਆ ਐਜ਼ਾਡਿਰੈਕ' ਹੈ।

ਪੰਜਾਬ ਦੇ ਲੋਕਾਂ ਨਾਲ਼ ਇਸ ਰੁੱਖ ਦਾ ਗੂੜ੍ਹਾ ਰਿਸ਼ਤਾ ਹੈ। ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਲੋਕ ਡੇਕ, ਧਰੇਕ, ਬਕੈਣ ਅਤੇ ਬਰਮਾ ਡੇਕ ਵਿੱਚ ਕਾਫ਼ੀ ਭੁਲੇਖਾ ਖਾਂਦੇ ਹਨ। ਹਾਲਾਂਕਿ ਡੇਕ ਅਤੇ ਧਰੇਕ ਇੱਕ ਰੁੱਖ ਦੇ ਦੋ ਨਾਂ ਹਨ ਜਦਕਿ ਬਕੈਣ ਨੂੰ ਅਸੀਂ ਡੇਕ ਦੀ ਜੌੜੀ ਭੈਣ ਆਖ ਸਕਦੇ ਹਾਂ ਅਤੇ ਬਰਮਾ ਡੇਕ ਲੱਕੜ ਪ੍ਰਾਪਤੀ ਅਤੇ ਲੰਬਾ ਵਧਣ ਵਾਲ਼ਾ ਅਲੱਗ ਰੁੱਖ ਹੈ। ਬਕੈਣ ਅਤੇ ਡੇਕ ਵਿੱਚ ਆਮ ਤੌਰ ਤੇ ਲੋਕਾਂ ਨੂੰ ਫ਼ਰਕ ਕਰਨਾ ਨਹੀਂ ਆਉਂਦਾ ਪਰ ਬਕੈਣ ਦੇ ਪੱਤੇ ਛੋਟੇ, ਛਤਰ ਸੰਘਣਾ ਤੇ ਕੱਦ ਛੋਟਾ ਹੁੰਦਾ ਹੈ ਜਦਕਿ ਡੇਕ ਦੀ ਉਚਾਈ ਬਕੈਣ ਨਾਲ਼ੋਂ ਕਾਫ਼ੀ ਜ਼ਿਆਦਾ ਹੋ ਜਾਂਦੀ ਹੈ। ਡੇਕ ਦੇ ਪੱਤੇ ਦਸੰਬਰ-ਜਨਵਰੀ ਵਿੱਚ ਝੜ੍ਹ ਜਾਂਦੇ ਹਨ ਅਤੇ ਮਾਰਚ ਮਹੀਨੇ ਰੁੱਖ ਦੁਬਾਰਾ ਭਰਨਾ ਸ਼ੁਰੂ ਹੋ ਜਾਂਦਾ ਹੈ। ਬਹਾਰ ਰੁੱਤ ਦੌਰਾਨ ਇਹ ਕਾਸ਼ਣੀ ਰੰਗ ਦੇ ਫੁੱਲਾਂ ਨਾਲ਼ ਲੱਦੇ ਜਾਂਦੇ ਹਨ ਜੋ 10-15 ਦਿਨ ਤੱਕ ਟਿਕ ਕੇ ਫਿਰ ਝੜ ਜਾਂਦੇ ਹਨ। ਕੁਝ ਸਮੇਂ ਬਾਅਦ ਗੋਲ-ਮੋਲ, ਗੁਠਲੀਦਾਰ ਗੁੱਦੇ ਨਾਲ਼ ਭਰੇ ਫਲ ਲੱਗਣੇ ਸ਼ੁਰੂ ਹੋ ਜਾਂਦੇ ਹਨ ਜੋ ਸਰਦੀਆਂ ਵਿੱਚ ਜਾ ਕੇ ਪੱਕਦੇ ਹਨ। ਸ਼ੁਰੂਆਤੀ ਦਿਨਾਂ ਵਿੱਚ ਸਾਫ਼-ਕੂਲੇ 'ਤੇ ਹਰੇ ਰੰਗ ਦੇ ਇਹ ਫਲ਼ ਬਾਅਦ ਵਿੱਚ ਪੀਲ਼ੇ-ਪੀਲ਼ੇ, ਝੁਰੜੀਦਾਰ ਹੋ ਜਾਂਦੇ ਹਨ ਜੋ ਲੰਮਾ ਸਮਾਂ ਰੁੱਖ ਉੱਪਰ ਗੁੱਛਿਆਂ ਦੇ ਰੂਪ ਵਿੱਚ ਲਟਕਦੇ ਰਹਿੰਦੇ ਹਨ। ਇਨ੍ਹਾਂ ਫਲ਼ਾਂ ਨੂੰ ਇਲਾਕਿਆਂ ਦੇ ਹਿਸਾਬ ਨਾਲ਼ ਡਿਕਾਨੂੰ, ਡਕਾਣੂ, ਧਰੇਕਾਨੂੰ, ਨਮੋਲ਼ੀਆਂ, ਗਟੋਲੀਆਂ ਆਦਿ ਕਿਹਾ ਜਾਂਦਾ ਹੈ। ਇਹਨਾਂ ਫਲਾਂ ਦੇ ਵਿਚਕਾਰ ਛੇਕ ਹੋਣ ਕਰਕੇ ਪੁਰਾਣੇ ਵੇਲ਼ਿਆਂ ਵਿੱਚ ਇਨ੍ਹਾਂ ਨੂੰ ਮਾਲ਼ਾ-ਤਸਬੀਹ ਬਣਾਉਣ ਲਈ ਵੀ ਵਰਤਿਆਂ ਜਾਂਦਾ ਸੀ।

ਡੇਕ ਦੇ ਸਾਰੇ ਹਿੱਸੇ ਮਨੁੱਖ ਅਤੇ ਕਈ ਜਾਨਵਰਾਂ ਲਈ ਜ਼ਹਿਰੀਲੇ ਹੁੰਦੇ ਹਨ ਲੇਕਿਨ ਬਹੁਤ ਸਾਰੇ ਪੰਛੀ ਇਹਨਾਂ ਨੂੰ ਸ਼ੌਕ ਨਾਲ਼ ਖਾਂਦੇ ਹਨ। ਸ਼ਹਿਦ ਦੀਆਂ ਮੱਖੀਆਂ ਲਈ ਇਸ ਦੇ ਫੁੱਲ ਪਰਾਗ ਦਾ ਖ਼ਜ਼ਾਨਾ ਹਨ। ਕੌੜੇ ਫਲਾਂ ਵਿੱਚੋਂ ਤੇਲ ਦੀ ਪ੍ਰਾਪਤੀ ਕੀਤੀ ਜਾਂਦੀ ਹੈ ਜੋ ਦਵਾਈਆਂ ਵਿੱਚ ਵਰਤਿਆ ਜਾਂਦਾ ਹੈ। ਫੁੱਲ ਅਤੇ ਪੱਤੀਆਂ ਦਾ ਲੇਪ ਫੋੜੇ-ਫਿਨਸੀਆਂ ਉੱਪਰ ਲਾਉਣ ਲਈ ਵਰਤਿਆ ਜਾਂਦਾ ਰਿਹਾ ਹੈ। ਇਸ ਦੀ ਲੱਕੜ ਖਿਡੌਣੇ, ਢਾਂਚੇ ਅਤੇ ਬਾਲਣ ਦੇ ਕੰਮ ਆਉਂਦੀ ਹੈ। ਰੁੱਖ ਦੇ ਪੱਤੇ ਅਤੇ ਫਲ਼ ਕੀਟਨਾਸ਼ਕ ਦੇ ਤੌਰ ਤੇ ਵੀ ਵਰਤੀਆਂ ਜਾਂਦੀਆਂ ਹਨ। ਬਰਸਾਤ ਰੁੱਤ ਦੌਰਾਨ ਇਕੱਤਰ ਕੀਤੇ ਬੀਜਾਂ ਤੋਂ ਨਵੀਂ ਪੌਦ ਆਸਾਨੀ ਨਾਲ਼ ਤਿਆਰ ਕੀਤੀ ਜਾ ਸਕਦੀ ਹੈ। ਰੁੱਖ ਦਾ ਵਾਧਾ ਜਲਦੀ ਹੋਣ ਕਰਕੇ ਵੀ ਲੋਕ ਖ਼ੂਬ ਪਸੰਦ ਕਰਦੇ ਹਨ। ਡੇਕ ਦੀ ਲੱਕੜ ਮਹਾਗਨੀ ਵਾਂਗ ਹੰਢਣਸਾਰ ਹੁੰਦੀ ਹੈ ਅਤੇ ਇਸ ਨੂੰ ਸਿਓਂਕ ਬਹੁਤ ਘੱਟ ਲਗਦੀ ਹੈ। ਛਾਂ ਖਾਤਿਰ ਝੁੰਡਾਂ ਵਿੱਚ ਲੱਗੇ ਰੁੱਖ ਜ਼ਿਆਦਾ ਬਿਹਤਰ ਰਹਿੰਦੇ ਹਨ।
ਖੂਹਾਂ ਮੋਟਰਾਂ 'ਤੇ ਲੱਗੇ ਰੁੱਖਾਂ ਨੂੰ ਅਕਸਰ ਠੰਡ ਸ਼ੁਰੂ ਹੋਣ ਤੇ ਛਾਂਗ ਦਿੱਤਾ ਜਾਂਦਾ ਹੈ ਅਤੇ ਛਟੀਆਂ ਨੂੰ ਬਾਲਣ ਲਈ ਵਰਤ ਲਿਆ ਜਾਂਦਾ ਹੈ। ਲਗਾਤਾਰ ਛੰਗਾਈ ਨਾਲ਼ ਰੁੱਖ ਦੇ ਤਣੇ ਵਿੱਚ ਲੱਕੜ ਦਾ ਕੁਝ ਹਿੱਸਾ ਗਲ ਜਾਂਦਾ ਹੈ ਜਿਸ ਵਿੱਚ ਪੰਛੀ ਖੁੱਡਾਂ ਬਣਾ ਲੈਂਦੇ ਹਨ। ਖ਼ਾਸਤੌਰ 'ਤੇ ਤੋਤੇ ਆਪਣਾ ਆਲ੍ਹਣਾ ਬਣਾਉਣ ਲਈ ਡੇਕ ਦੀਆਂ ਖੁੱਡਾਂ ਨੂੰ ਬਹੁੱਤ ਪਸੰਦ ਕਰਦੇ ਹਨ।



# ਢ

## ਢੇਊ

***(Artocarpus lacucha)***

# ਢੇਊ

## (*Artocarpus lacucha*)

ਹਿੰਦੂ ਮਿਥਿਹਾਸ ਅਨੁਸਾਰ ਢੇਊ ਦੇ ਪੱਤਿਆਂ ਦਾ ਜ਼ਿਕਰ ਕ੍ਰਿਸ਼ਨ ਭਗਵਾਨ ਜੀ ਦੀਆਂ ਕਥਾਵਾਂ ਵਿੱਚ ਕਈ ਥਾਂ ਤੇ ਵੇਖਣ ਨੂੰ ਮਿਲ਼ਦਾ ਹੈ ਅਤੇ ਇਹ ਵੀ ਮੰਨਿਆ ਜਾਂਦਾ ਹੈ ਕਿ ਭਗਵਾਨ ਸ੍ਰੀ ਰਾਮ ਜੀ ਨੇ ਬਨਵਾਸ ਦੌਰਾਨ ਲਗਾਤਾਰ ਸੱਤ ਦਿਨ ਇਸ ਰੁੱਖ ਹੇਠ ਬਿਤਾਏ ਸਨ। ਇਸ ਦਾ ਜ਼ਿਕਰ ਕੌਟਿਲਯ ਦੇ ਅਰਥਸ਼ਾਸਤਰ ਵਿੱਚ ਬਹੁ-ਉਪਯੋਗੀ ਰੁੱਖ ਦੇ ਤੌਰ 'ਤੇ ਆਉਂਦਾ ਹੈ ਜੋ ਖੇਤੀਬਾੜੀ ਅਤੇ ਵੈਦਿਕ ਵਰਤੋਂ ਤੋਂ ਇਲਾਵਾ ਰੇਸ਼ਮ ਪੈਦਾ ਕਰਣ ਲਈ ਬਿਹਤਰੀਨ ਦੱਸਿਆ ਗਿਆ ਹੈ। ਇਸ ਦਾ ਹਵਾਲਾ ਰੁੱਖਾਂ ਸਬੰਧੀ ਗ੍ਰੰਥ ਵਰਿਕਸ਼ਾਯੁਰਵੇਦ ਵਿੱਚ ਵੀ ਮਿਲ਼ਦਾ ਹੈ।

ਢੇਊ ਸਮੁੱਚੇ ਉਪਮਹਾਂਦੀਪ ਅਤੇ ਦੱਖਣੀ-ਪੂਰਬੀ ਏਸ਼ੀਆ ਵਿੱਚ ਪਾਇਆ ਜਾਂਦਾ ਹੈ। ਉੱਤਰ-ਪੂਰਬੀ ਥਾਈਲੈਂਡ ਵਿੱਚ ਇਸ ਦੀ ਲੱਕੜ ਇਕ ਰਵਾਇਤੀ ਉਪਕਰਣ 'ਪੋਂਗ ਲਾਂਗ' ਬਣਾਉਣ ਲਈ ਵਰਤੀ ਜਾਂਦੀ ਹੈ। ਇਹ ਰੁੱਖ ਭਾਰਤ ਦੇ ਦੱਖਣੀ ਸੂਬਿਆਂ ਤੋਂ ਲੈ ਕੇ ਹਿਮਾਲਿਆ ਦੇ ਕੁਝ ਖੇਤਰਾਂ ਤੱਕ ਵੇਖਣ ਨੂੰ ਮਿਲ਼ਦਾ ਹੈ। ਪੰਜਾਬ ਵਿੱਚ ਇਹ ਜ਼ਿਆਦਾਤਰ ਕੰਢੀ ਖੇਤਰ, ਖ਼ਾਸਕਰ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਵੇਖਣ ਨੂੰ ਮਿਲ਼ਦਾ ਹੈ। ਪੰਜਾਬੀ ਲੋਕ ਲੰਮੇ ਸਮੇਂ ਤੋਂ ਢੇਊ ਦਾ ਉਪਯੋਗ ਅਚਾਰ ਬਣਾਉਣ ਲਈ ਕਰਦੇ ਆ ਰਹੇ ਹਨ। ਹਾਲਾਂਕਿ ਕੁਝ ਲੋਕ ਸਬਜ਼ੀ 'ਤੇ ਚਟਣੀ ਬਣਾ ਕੇ ਖਾਣੀ ਵੀ ਪਸੰਦ ਕਰਦੇ ਹਨ।

ਢੇਊ ਜ਼ਿਆਦਾਤਰ ਸਿੱਧੇ ਤਣੇ ਵਾਲ਼ਾ, ਦਰਮਿਆਨੇ ਕੱਦ ਦਾ, ਫੈਲਵੇਂ ਛਤਰ ਵਾਲ਼ਾ ਰੁੱਖ ਹੈ। ਇਸ ਦਾ ਵਿਗਿਆਨਿਕ ਨਾਂ 'ਆਰਟੋਕਾਰਪਸ ਲਕੂਚਾ' ਹੈ ਤੇ ਕੁਝ ਥਾਵਾਂ ਤੇ ਇਸ ਨੂੰ ਬਾਂਦਰ ਕਟਹਲ ਵੀ ਕਿਹਾ ਜਾਂਦਾ ਹੈ। ਇਸ ਦੀ ਛਿੱਲ ਘਸਮੈਲੀ ਕਾਲ਼ੀ ਭਾਹ ਮਾਰਦੀ ਕਟਾਵਾਂ ਵਾਲ਼ੀ ਹੁੰਦੀ ਹੈ। ਇਸ ਦੇ ਪੱਤੇ ਵੱਡੇ ਆਕਾਰ ਦੇ ਅਤੇ ਚੰਮ-ਨੁਮਾ ਹੁੰਦੇ ਹਨ। ਇਸ ਦੇ ਫੁੱਲ ਪੀਲ਼ੇ-ਸੰਤਰੀ ਰੰਗ ਦੇ ਅਤੇ ਆਕਾਰ ਵਿੱਚ ਛੋਟੇ ਹੁੰਦੇ ਹਨ ਜੋ ਲੱਗਣ ਉਪਰੰਤ ਜਲਦੀ ਝੜ ਜਾਂਦੇ ਹਨ। ਫਲ਼ ਮੁੱਖ ਰੂਪ ਵਿੱਚ ਗੋਲ਼ ਜਿਹੇ ਲੇਕਿਨ ਅਨਿਯਮਿਤ ਹੁੰਦੇ ਹਨ ਜੋ ਸ਼ੁਰੂਆਤੀ ਸਮੇਂ ਹਰੇ ਅਤੇ ਪੱਕ ਕੇ ਪੀਲ਼ੇ ਰੰਗ ਦੇ ਹੁੰਦੇ ਹਨ। ਅਕਸਰ ਫ਼ਲ਼ਾਂ ਨੂੰ ਰੁੱਖ ਹੇਠ ਡਿੱਗਿਆਂ ਵੇਖਿਆ ਜਾਂਦਾ ਹੈ। ਫ਼ਲ਼ਾਂ ਦਾ ਸੁਆਦ ਥੋੜਾ ਤੇਜ਼ਾਬੀ ਜਿਹਾ ਹੁੰਦਾ ਹੈ।

ਢੇਊ ਨੂੰ ਮੁੱਖ ਰੂਪ ਵਿੱਚ ਫ਼ਲ਼ਾਂ ਅਤੇ ਲੱਕੜ ਕਰਕੇ ਜਾਣਿਆ ਜਾਂਦਾ ਹੈ। ਇਸ ਦੀ ਲੱਕੜ ਅਤੇ ਜੜ੍ਹਾਂ ਤੋਂ ਪੀਲ਼ਾ ਰੰਗ ਪ੍ਰਾਪਤ ਕੀਤਾ ਜਾਂਦਾ ਹੈ, ਜੋ ਕੱਪੜੇ ਦੀ ਰੰਗਾਈ ਲਈ ਵਰਤਿਆ ਜਾਂਦਾ ਹੈ। ਇਸ ਦੀ ਪੀਲੀ ਲੱਕੜ ਟਿਕਾਊ ਸਖ਼ਤ ਅਤੇ ਪਾਲਿਸ਼ ਕਰਨ ਲਈ ਬਿਹਤਰ ਗਿਣੀ ਜਾਂਦੀ ਹੈ ਜੋ ਕਿਸ਼ਤੀਆਂ, ਫ਼ਰਨੀਚਰ ਆਦਿ ਬਣਾਉਣ ਲਈ ਵਰਤੀ ਜਾਂਦੀ ਹੈ। ਲੱਕੜ ਨੂੰ ਸਿਓਂਕ ਪ੍ਰਤੀਰੋਧਕ ਵੀ ਮੰਨਿਆ ਜਾਂਦਾ ਹੈ। ਢੇਊ ਦੇ ਸੱਕ ਵਿੱਚ ਟੈਨਿਨ ਮੌਜੂਦ ਹੁੰਦਾ ਹੈ ਅਤੇ ਉਸ ਨੂੰ ਸੁਪਾਰੀ ਦੇ ਬਦਲ ਵਜੋਂ ਚਬਾਇਆ ਜਾਂਦਾ ਹੈ। ਰੁੱਖ ਦਾ ਲੇਟੇਕਸ (ਚਿਪਚਿਪਾ ਪਦਾਰਥ) ਅਨੇਕਾਂ ਤਰ੍ਹਾਂ ਵਰਤੋਂ ਵਿੱਚ ਆਉਂਦਾ ਹੈ। ਸੱਕ ਤੋਂ ਪ੍ਰਾਪਤ ਰੇਸ਼ਿਆਂ ਤੋਂ ਰੱਸੀਆਂ ਬਣਾਈਆਂ ਜਾਂਦੀਆਂ ਹਨ।

ਢੇਊ ਆਪਣੇ ਵੈਦਿਕ ਗੁਣਾਂ ਕਰਕੇ ਵੀ ਮਹੱਤਵਪੂਰਨ ਹੈ। ਇਸ ਦੇ ਸੱਕ ਵਿੱਚੋਂ ਨਿਕਲਿਆ ਰਸ ਫੋੜੇ, ਮੁਹਾਂਸੇ, ਜ਼ਖਮਾਂ ਆਦਿ ਤੇ ਲਾਇਆ ਜਾਂਦਾ ਹੈ। ਇਸ ਦੀ ਜੜ੍ਹ ਸ਼ਰੀਰ ਦੇ ਸ਼ੁੱਧੀਕਰਨ ਲਈ ਵਰਤੀ ਜਾਂਦੀ ਹੈ। ਰੁੱਖ ਤੋਂ ਪ੍ਰਾਪਤ ਸੱਕ ਦੇ ਪਾਊਡਰ ਤੋਂ ਚਮੜੀ, ਸਿਰ ਦਰਦ ਅਤੇ ਅੰਤੜੀਆਂ ਦੀਆਂ ਬੀਮਾਰੀਆਂ ਲਈ ਨੁਸਖ਼ੇ ਤਿਆਰ ਕੀਤੇ ਜਾਂਦੇ ਹਨ। ਇਸ ਦੇ ਪੱਤੇ ਦੁਧਾਰੂ ਪਸ਼ੂਆਂ ਲਈ ਚਾਰੇ ਵੱਜੋਂ ਵਰਤੇ ਜਾਂਦੇ ਹਨ ਅਤੇ ਪ੍ਰੋਟੀਨ ਦਾ ਬਹੁਤ ਉੱਤਮ ਸੋਮਾ ਮੰਨੇ ਜਾਂਦੇ ਹਨ। ਪੰਜਾਬ ਵਿੱਚ ਇਹ ਰੁੱਖ ਅੱਜਕੱਲ੍ਹ ਬਹੁਤ ਜ਼ਿਆਦਾ ਵਿਖਾਈ ਨਹੀਂ ਦਿੰਦਾ।



# ੮ ਸੁਹਾਂਜਣਾ

*(Moringa oleifera)*







# ਸੁਹਾਂਜਣਾ

**(*Moringa oleifera*)**

ਜਦ ਵੀ ਕਦੇ ਕਿਤੇ ਦੁਨੀਆਂ ਦੇ ਬਿਹਤਰੀਨ ਤੇ ਗੁਣਕਾਰੀ ਰੁੱਖਾਂ ਦੀ ਗੱਲ ਚਲਦੀ ਹੈ ਤਾਂ ਸੁਹਾਂਜਣਾ ਮੂਹਰਲੀ ਕਤਾਰ ਵਿੱਚ ਆਉਂਦਾ ਹੈ। ਪੂਰੇ ਵਿਸ਼ਵ ਵਿੱਚ 'ਚਮਤਕਾਰੀ ਰੁੱਖ' ਵਜੋਂ ਜਾਣੇ ਜਾਂਦੇ ਇਸ ਬਾ-ਕਮਾਲ ਰੁੱਖ ਨੂੰ ਸਹਿਜਨ ਅਤੇ 'ਡਰੰਮਸਟਿੱਕ ਟ੍ਰੀ' ਆਦਿ ਨਾਵਾਂ ਨਾਲ਼ ਵੀ ਜਾਣਿਆ ਜਾਂਦਾ ਹੈ ਅਤੇ ਇਸ ਦਾ ਵਿਗਿਆਨਿਕ ਨਾਂ 'ਮੋਰਿੰਗਾ ਓਲੀਫੈਰਾ' ਹੈ। ਰੁੱਖ ਦੀਆਂ ਲੰਮੀਆਂ ਫਲ਼ੀਆਂ ਦੀ ਦਿੱਖ ਢੋਲ ਦੇ ਡੱਗੇ ਵਰਗੀ ਹੋਣ ਕਰਕੇ ਹੀ ਇਸ ਨੂੰ 'ਡਰੰਮਸਟਿੱਕ ਟ੍ਰੀ' ਕਿਹਾ ਜਾਂਦਾ ਹੈ। ਏਸ਼ੀਆਈ ਮੂਲ ਦੇ ਇਸ ਰੁੱਖ ਦੇ ਗੁਣਾਂ ਦਾ ਗਿਆਨ ਮਨੁੱਖ ਨੂੰ ਈਸਾ ਦੇ ਜਨਮ ਤੋਂ ਵੀ ਅਨੇਕਾਂ ਸਾਲ ਪਹਿਲਾਂ ਦਾ ਹੈ।

ਸੁਹਾਂਜਣੇ ਨੂੰ 'ਚਮਤਕਾਰੀ ਰੁੱਖ' ਕਹੇ ਜਾਣ ਪਿੱਛੇ ਅਨੇਕਾਂ ਤੱਥ ਹਨ। ਇਸ ਰੁੱਖ ਦਾ ਹਰ ਭਾਗ ਭਾਵ ਜੜ੍ਹਾਂ, ਸੱਕ, ਪੱਤੀਆਂ, ਫੁੱਲ, ਫਲ਼ੀਆਂ ਆਦਿ ਸਭ ਮਨੁੱਖ ਅਤੇ ਹੋਰ ਜੀਵਾਂ ਲਈ ਬੇਹੱਦ ਗੁਣਕਾਰੀ ਹਨ। ਵਿਗਿਆਨਿਕ ਖੋਜਾਂ ਉਪਰੰਤ ਇਹ ਤੱਥ ਸਾਹਮਣੇ ਆਏ ਹਨ ਕਿ ਸੁਹਾਂਜਣੇ ਵਿੱਚ ਕੈਲਸ਼ੀਅਮ ਦੁੱਧ ਨਾਲ਼ੋਂ, ਵਿਟਾਮਿਨ ਸੀ ਸੰਤਰੇ/ਨਿੰਬੂ ਜਾਤੀ ਨਾਲ਼ੋਂ, ਪੋਟਾਸ਼ੀਅਮ ਕੇਲੇ ਨਾਲ਼ੋਂ, ਆਇਰਨ ਭਾਵ ਲੋਹਾ ਪਾਲਕ ਨਾਲ਼ੋਂ ਕਈ ਗੁਣਾ ਜ਼ਿਆਦਾ ਪਾਇਆ ਜਾਂਦਾ ਹੈ। ਜਾਣਕਾਰਾਂ ਦਾ ਮੰਨਣਾ ਹੈ ਕਿ ਸੁਹਾਂਜਣਾ ਇਕ ਤਰ੍ਹਾਂ ਦਾ ਕੁਦਰਤੀ ਰੂਪ ਵਿੱਚ ਮਿਲ਼ਣ ਵਾਲ਼ਾ 'ਮਲਟੀ-ਵਿਟਾਮਿਨ' ਹੈ।

ਸਾਡੀਆਂ ਵਾਤਾਵਰਣ ਹਾਲਤਾਂ ਵਿੱਚ ਇਹ ਇੱਕ ਪੱਤਝੜੀ ਰੁੱਖ ਹੈ ਜੋ ਤਕਰੀਬਨ 30-40 ਫੁੱਟ ਤੱਕ ਦੀ ਉਚਾਈ ਗ੍ਰਹਿਣ ਕਰ ਜਾਂਦਾ ਹੈ। ਬੀਜ ਅਤੇ ਕਲਮ ਦੋਹਾਂ ਤਰੀਕਿਆਂ ਨਾਲ਼ ਤਿਆਰ ਕੀਤੇ ਜਾਣ ਵਾਲ਼ੇ ਇਸ ਰੁੱਖ ਤੇ ਰੱਬ ਦੀ ਐਨੀ ਬਖਸ਼ਿਸ਼ ਹੈ ਕਿ 3-4 ਫੁੱਟ ਦੀ ਡੰਡੀ ਵੀ ਜ਼ਮੀਨ ਵਿੱਚ ਦੱਬ ਦੇਈਏ ਤਾਂ ਸਮਾਂ ਪਾ ਕੇ ਜੜ੍ਹ ਫੜ ਜਾਂਦੀ ਹੈ। ਆਯੁਰਵੈਦਿਕ ਮਾਹਿਰਾਂ ਅਨੁਸਾਰ ਸੁਹਾਂਜਣੇ ਤੋਂ ਬਣੀਆਂ ਦਵਾਈਆਂ ਤਿੰਨ ਸੌ ਦੇ ਕਰੀਬ ਮਨੁੱਖੀ ਬੀਮਾਰੀਆਂ ਦੇ ਇਲਾਜ ਲਈ ਵਰਤੀਆਂ ਜਾਂਦੀਆ ਹਨ। ਮੂਲੀਆਂ ਵਰਗੀਆਂ ਜੜ੍ਹਾਂ ਅਤੇ ਕੱਚੀਆਂ ਫਲ਼ੀਆਂ ਤੋਂ ਸਬਜ਼ੀ, ਅਚਾਰ ਤੇ ਹੋਰਨਾਂ ਹਿੱਸਿਆ ਤੋਂ ਪਾਊਡਰ ਆਦਿ ਤਿਆਰ ਕੀਤਾ ਜਾਂਦਾ ਹੈ। ਅਨੇਕਾਂ ਗੁਣਕਾਰੀ ਤੱਤਾਂ ਨਾਲ਼ ਭਰਪੂਰ ਸੁਹਾਂਜਣੇ ਦੇ ਵੱਖ-ਵੱਖ ਭਾਗ ਮਨੁੱਖ ਦੇ ਸਿਰ ਤੋਂ ਲੈ ਕੇ ਪੈਰ ਤੱਕ ਅਤੇ ਜ਼ੁਕਾਮ ਤੋਂ ਲੈ ਕੇ ਕੈਂਸਰ ਵਰਗੀਆਂ ਅਨੇਕਾਂ ਘਾਤਕ ਬੀਮਾਰੀਆਂ ਦੇ ਇਲਾਜ ਵਿੱਚ ਸਹਾਈ ਹੁੰਦੇ ਹਨ। ਰੁੱਖ ਤੋਂ ਨਿਕਲ਼ਦੀ ਗੂੰਦ, ਗੂੰਦ-ਕਤੀਰੇ ਵਾਂਗ ਵਰਤੀ ਜਾਂਦੀ ਹੈ। ਬੀਜਾਂ ਤੋਂ ਮਿਲ਼ਣ ਵਾਲ਼ੇ ਤੇਲ ਨੂੰ 'ਬਿਨ ਆਇਲ' ਆਖਿਆ ਜਾਂਦਾ ਹੈ ਜੋ ਇਤਰ ਬਣਾਉਣ ਤੋਂ ਇਲਾਵਾ ਅਨੇਕਾਂ ਪਦਾਰਥਾਂ ਵਿੱਚ ਮਿਲ਼ਾ ਕੇ ਵਰਤਿਆ ਜਾਂਦਾ ਹੈ। ਪੁਰਾਣੇ ਵੇਲ਼ਿਆਂ ਵਿੱਚ ਘੜੀਸਾਜ਼ ਇਹ ਤੇਲ ਘੜੀਆਂ ਜਾਂ ਹੋਰ ਛੋਟੀਆਂ ਮਸ਼ੀਨਾਂ ਲਈ ਗਰੀਸ ਦੀ ਤਰ੍ਹਾਂ ਵਰਤ ਲੈਂਦੇ ਸਨ। ਤੇਲ ਬਣਾਉਂਦਿਆਂ ਬਚੀ ਖਲ਼ ਨੂੰ ਖਾਦ ਵਜੋਂ ਵਰਤਿਆ ਜਾਂਦਾ ਰਿਹਾ ਹੈ।

ਰੇਤਲੇ ਇਲਾਕਿਆਂ ਵਿੱਚ ਇਸ ਦੇ ਪੱਤੇ ਜਾਨਵਰਾਂ ਨੂੰ ਚਾਰੇ ਵੱਜੋਂ ਪਾਏ ਜਾਂਦੇ ਸਨ। ਹਾਲਾਂਕਿ ਹੁਣ ਕਈ ਸੂਬਿਆਂ ਵਿੱਚ ਖ਼ਾਸਕਰ ਗੁਜਰਾਤ ਵਿੱਚ ਪਸ਼ੂਆਂ ਨੂੰ ਚਾਰੇ ਵਜੋਂ ਪਾਉਣ ਲਈ ਸੁਹਾਂਜਣਾ ਆਮ ਫਸਲਾਂ ਵਾਂਗ ਨੇੜੇ-ਨੇੜੇ ਲਾ ਕੇ ਖੋਜ ਕੀਤੀ ਜਾ ਰਹੀ ਹੈ। ਸੁਹਾਂਜਣਾ ਪਾਣੀ ਦੇ ਸ਼ੁੱਧੀਕਰਨ ਵਿੱਚ ਵਡਮੁੱਲਾ ਯੋਗਦਾਨ ਪਾਉਂਦਾ ਹੈ। ਪਿੰਡਾਂ ਵਿੱਚ ਛੱਪੜਾਂ ਕੰਢੇ ਇਸ ਰੁੱਖ ਨੂੰ ਲਾਉਣਾ ਬਿਹਤਰ ਹੋ ਸਕਦਾ ਹੈ। ਗੁਣਾਂ ਦੀ ਗੁਥਲੀ ਸੁਹਾਂਜਣੇ ਉੱਪਰ ਤਾਂ ਕਿਤਾਬ ਲਿਖੀ ਜਾ ਸਕਦੀ ਹੈ। ਮੁਕਦੀ ਗੱਲ ਤਾਂ ਇਹ ਹੈ ਕਿ ਕੁਦਰਤ ਦੀ ਇਸ ਨਿਆਮਤ ਨੂੰ ਸੰਭਾਲਣ 'ਤੇ ਵਰਤਣ ਦੀ ਬੇਹੱਦ ਲੋੜ ਹੈ।

SOCH
Society for Conservation &
Healing of Environment
ਸੋਚ

# ਤ ਤੂਤ

*(Morus alba)*









# ਤੂਤ

## (Morus alba)

ਤੂਤ ਦਾ ਨਾਂ ਸੁਣਦਿਆਂ ਹੀ ਦਿਮਾਗ ਵਿੱਚ ਰੁਮਕਦੀਆਂ ਪੌਣਾਂ, ਠੰਡੀਆਂ ਛਾਂਵਾ, ਤੂਤਾਂ ਨਾਲ਼ ਘਿਰੇ ਖੂਹ ਘੁੰਮਣ ਲਗਦੇ ਹਨ। ਪੁਰਾਣੀਆਂ ਪੀੜ੍ਹੀਆਂ ਨੇ ਤਾਂ ਇਹ ਨਜ਼ਾਰੇ, ਠੰਡੀਆਂ ਛਾਵਾਂ ਹੇਠ ਮਿੱਤਰਾਂ ਦੀਆਂ ਮਹਿਫ਼ਲਾਂ, ਖ਼ੂਬ ਮਾਣੀਆਂ ਹਨ।

ਤੂਤਾ ਵੇ ਹਰਿਔਲਿਆ, ਤੇਰੀ ਠੰਡੜੀ ਛਾਂ
ਲੱਗ ਲੱਗ ਗਈਆਂ ਮਹਿਫ਼ਲਾਂ, ਬਹਿ ਬਹਿ ਗਏ ਦੀਵਾਨ।

ਗੋਰਿਆਂ ਲਈ 'ਮਲਬਰੀ' ਜਾਂ 'ਰਸ਼ੀਅਨ ਮਲਬਰੀ' ਵੱਜੋਂ ਜਾਣੇ ਜਾਂਦੇ ਇਸ ਰੁੱਖ ਨੂੰ ਤੂਤ, ਸ਼ਹਿਤੂਤ, ਚਿੱਟਾ ਤੂਤ ਆਦਿ ਨਾਵਾਂ ਨਾਲ਼ ਜਾਣਿਆਂ ਜਾਂਦਾ ਹੈ ਅਤੇ ਇਸ ਦਾ ਵਿਗਿਆਨਿਕ ਨਾਂ 'ਮੋਰਸ ਐਲਬਾ' ਹੈ। ਰੇਸ਼ਮ ਦੇ ਕੀੜਿਆਂ ਦੀ ਸਭ ਤੋਂ ਵਧੀਆ ਖ਼ੁਰਾਕ ਤੂਤ ਦੇ ਪੱਤੇ ਹਨ ਅਤੇ ਚੀਨ ਵਿੱਚ ਤੂਤ ਖ਼ੂਬ ਪਾਇਆ ਜਾਣ ਕਰਕੇ ਚੀਨੀ ਲੋਕ ਰੇਸ਼ਮ ਦੇ ਕੀੜੇ ਪਾਲਣ ਅਤੇ ਰੇਸ਼ਮ ਤਿਆਰ ਕਰਨ ਲਈ ਕਾਫ਼ੀ ਮਸ਼ਹੂਰ ਹਨ। ਚੀਨ ਵਿੱਚ ਦੁਨੀਆਂ ਦੀ ਸਭ ਤੋਂ ਵੱਧ ਰੇਸ਼ਮ ਪੈਦਾ ਹੁੰਦੀ ਹੈ 'ਤੇ ਉੱਥੇ ਤੂਤ ਦੀਆਂ ਤਕਰੀਬਨ 700 ਕਿਸਮਾਂ ਪਾਈਆਂ ਜਾਂਦੀਆਂ ਹਨ।

ਤੂਤ ਦਰਮਿਆਨੇ ਕੱਦ ਦਾ ਪੱਤਝੜੀ ਰੁੱਖ ਹੈ, ਜਿਸ ਦੀ ਛਿੱਲ ਸਲੇਟੀ ਭੂਰੀ ਜਿਹੀ, ਖੁਰਦਰੀ 'ਤੇ ਲੰਮੇ ਲੋਟ ਕਟਾਵਾਂ ਵਾਲ਼ੀ ਹੁੰਦੀ ਹੈ। ਇਸ ਦੇ ਪੱਤਿਆਂ ਦੀ ਦਿੱਖ ਵੰਨ-ਸੁਵੰਨੀ ਭਾਵ ਅੰਡਾਕਾਰ, ਦਿਲ ਵਰਗੇ, ਵਿੰਗੇ-ਟੇਢੇ ਕੱਟ ਵਾਲ਼ੇ, ਕਿਨਾਰਿਆਂ ਤੋਂ ਆਰੀ ਦੇ ਦੰਦਿਆਂ ਦੀ ਤਰ੍ਹਾਂ ਨਜ਼ਰ ਆਉਂਦੇ ਹਨ। ਸਰਦ ਰੁੱਤ ਵਿੱਚ ਰੁੱਖ ਪੱਤਰਹੀਣ ਹੋ ਜਾਂਦਾ ਹੈ । ਫਰਵਰੀ-ਮਾਰਚ ਦੌਰਾਨ ਫਿਰ ਤੋਂ ਖੇੜੇ ਵਿੱਚ ਆ ਜਾਂਦਾ ਹੈ 'ਤੇ ਨਾਲ਼ ਹੀ ਛੋਟੇ-ਛੋਟੇ ਹਰੇ ਰੰਗ ਦੇ ਫੁੱਲ ਵਿਖਾਈ ਦਿੰਦੇ ਹਨ ਜੋ ਅਪ੍ਰੈਲ ਮਹੀਨੇ ਤੋਂ ਤੂਤੀਆਂ ਵਿੱਚ ਤਬਦੀਲ ਹੋਣੇ ਸ਼ੁਰੂ ਹੋ ਜਾਂਦੇ ਹਨ। ਤੂਤੀਆਂ ਰੁੱਖ ਦੀ ਕਿਸਮ ਅਨੁਸਾਰ ਸਫ਼ੈਦ, ਗੁਲਾਬੀ, ਜਾਮਣੀ, ਗੂੜ੍ਹੀਆਂ ਲਾਲ ਜਾਂ ਭੂਰੇ ਕਾਲ਼ੇ ਆਦਿ ਰੰਗਾਂ ਵਿੱਚ ਵੇਖਣ ਨੂੰ ਮਿਲ਼ਦੀਆਂ ਹਨ। ਪਹਿਲਾਂ ਲੰਮੀਆਂ ਤੇ ਮਿੱਠੀਆਂ ਤੂਤੀਆਂ ਵਾਲ਼ੇ ਤੂਤ ਇਲਾਕੇ ਵਿੱਚ ਮਸ਼ਹੂਰ ਹੁੰਦੇ ਸਨ 'ਤੇ ਉਨ੍ਹਾਂ ਪਿੰਡਾਂ ਦਾ ਨਾਮ ਲੋਕ ਬੋਲੀਆਂ ਵਿੱਚ ਵੀ ਬੋਲਦਾ ਸੀ:-

ਪਿੰਡਾ ਵਿੱਚੋਂ ਪਿੰਡ ਸੁਣੀਦਾ
ਪਿੰਡ ਸੁਣੀਦਾ ਡਾਲਾ
ਡਾਲੇ ਦਾ ਇੱਕ ਤੂਤ ਸੁਣੀਦਾ
ਤੂਤ ਤੂਤੀਆਂ ਵਾਲ਼ਾ

ਤੂਤ ਦੀ ਲਚਕਤਾ ਇਸ ਦਾ ਬਹੁਤ ਅਹਿਮ ਗੁਣ ਹੈ। ਤੂਤ ਦੇ ਪੱਤੇ ਜਾਨਵਰਾਂ ਲਈ ਵਧੀਆ ਪੌਸ਼ਟਿਕ ਖ਼ੁਰਾਕ ਹਨ। ਫ਼ਲ ਕੱਚੇ ਖਾਧੇ ਜਾਣ ਤੋਂ ਇਲਾਵਾ ਇਨ੍ਹਾਂ ਤੋਂ ਜੂਸ, ਸਿਰਕਾ, ਸ਼ਰਾਬ ਆਦਿ ਤਿਆਰ ਕੀਤੇ ਜਾਂਦੇ ਹਨ। ਪੁਰਾਣੇ ਵੇਲ਼ਿਆਂ ਤੋਂ ਤੂਤਾਂ ਦੀਆਂ ਛਟੀਆਂ ਤੋਂ ਟੋਕਰੇ-ਟੋਕਰੀਆਂ ਬਣਾਏ ਜਾਂਦੇ ਰਹੇ ਹਨ। ਇਸ ਦੀ ਲੱਕੜ ਤੋਂ ਖੇਡਾਂ ਦਾ ਸਾਮਾਨ ਜਿਵੇਂ ਹਾਕੀ, ਬੈਡਮਿੰਟਨ ਦੇ ਡੰਡੇ ਦਾ ਫਰੇਮ, ਟੈਨਿਸ ਦਾ ਬੱਲਾ, ਕ੍ਰਿਕਟ ਦੀ ਸਟੰਪ ਆਦਿ ਦੇ ਨਾਲ਼-ਨਾਲ਼ ਖੇਤੀ ਸੰਦ ਤਿਆਰ ਕੀਤੇ ਜਾਂਦੇ ਹਨ। ਛਿੱਲ ਦੇ ਰੇਸ਼ੇ ਤੋਂ ਕਾਗਜ਼ ਵੀ ਬਣਾਇਆ ਜਾਂਦਾ ਸੀ।

ਵੈਦਿਕ ਗੁਣਾਂ ਦੀ ਗੱਲ ਕਰੀਏ ਤਾਂ ਇਸ ਦੇ ਵੱਖ-ਵੱਖ ਹਿੱਸਿਆਂ ਤੋਂ ਸ਼ੂਗਰ, ਕਬਜ਼, ਵਾਲ਼ਾਂ ਦਾ ਡਿੱਗਣਾ, ਮੂਤਰ ਰੋਗ, ਸ਼ਕਤੀ ਵਰਧਕ, ਉੱਲੀ ਨਾਸ਼ਕ, ਪੇਟ ਰੋਗ, ਖ਼ੂਨ ਸਾਫ਼, ਸਿਰ ਦਰਦ ਆਦਿ ਲਈ ਨੁਸਖ਼ੇ ਤਿਆਰ ਕੀਤੇ ਜਾਂਦੇ ਸਨ। ਤੂਤ ਨੂੰ ਅਸੀਂ ਬੀਜ, ਕਲਮ ਅਤੇ ਪਿਓਂਦ ਆਦਿ ਵੱਖ-ਵੱਖ ਤਰੀਕਿਆਂ ਰਾਹੀਂ ਤਿਆਰ ਕਰਦੇ ਹਾਂ। ਵੱਡੇ ਆਕਾਰੀ ਬੂਟਿਆਂ ਨੂੰ ਪੁੱਟ ਕੇ ਇੱਕ ਥਾਂ ਤੋਂ ਦੂਜੇ ਥਾਂ ਲਾਉਣਾ ਹੋਵੇ ਤਾਂ ਸਰਦ ਰੁੱਤ ਬਿਹਤਰ ਗਿਣੀ ਜਾਂਦੀ ਹੈ। ਤੂਤ ਬਹੁਤ ਗੁਣਕਾਰੀ ਰੁੱਖ ਹੈ ਤੇ ਇਹ ਸਾਡੇ ਖੇਤਾਂ ਜਾਂ ਘਰਾਂ ਵਿੱਚੋਂ ਗ਼ਾਇਬ ਨਹੀਂ ਹੋਣਾ ਚਾਹੀਦਾ।

# ਥ ਥੋਹਰ
**(Opuntia ficus-indica)**









# ਥੋਹਰ

**(*Opuntia ficus-indica*)**

ਮੈਂ ਕੰਡਿਆਲੀ ਥੋਹਰ ਵੇ ਸੱਜਣਾ, ਉੱਗੀ ਕਿਤੇ ਕੁਰਾਹੇ,
ਨਾ ਕਿਸੇ ਮਾਲੀ ਸਿੰਜਿਆ ਮੈਨੂੰ ਨਾ ਕੋਈ ਸਿੰਜਣਾ ਚਾਹੇ।

ਪੰਜਾਬੀ ਦੇ ਮਕਬੂਲ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਰਚਨਾ ਦੀਆਂ ਉਪਰੋਕਤ ਸਤਰਾਂ ਕੰਡਿਆਲੀਆਂ ਥੋਹਰਾਂ ਦੇ ਘੱਟ ਪਾਣੀ ਜਾਂ ਬਿਨ ਸਿੰਚਾਈ ਦੇ ਉੱਗਣ ਵੱਲ ਵੀ ਇਸ਼ਾਰਾ ਕਰਦੀਆਂ ਹਨ। ਜ਼ਿਆਦਾਤਰ ਲੋਕ ਹਰ ਥੋਹਰ ਨੂੰ ਕੈਕਟਸ ਹੀ ਆਖ ਛੱਡਦੇ ਹਨ ਪ੍ਰੰਤੂ ਥੋਹਰਾਂ ਦੀਆਂ ਅਨੇਕਾਂ ਕਿਸਮਾਂ ਛਿੱਤਰ ਥੋਹਰ, ਡੰਡਾ ਥੋਹਰ ਅਤੇ ਫਲ਼ੀ ਥੋਹਰ ਆਦਿ ਹੁੰਦੀਆਂ ਹਨ ਜੋ 'ਯੂਫੋਰਬੀਏਸੀ' ਪਰਿਵਾਰ ਨਾਲ਼ ਸਬੰਧਿਤ ਹਨ। ਪੰਜਾਬ ਦੇ ਪਿੰਡਾਂ ਵਿੱਚ ਆਪ-ਮੁਹਾਰੇ ਉੱਗੀ ਜ਼ਿਆਦਾਤਰ ਦਿੱਸਣ ਵਾਲ਼ੀ ਥੋਹਰ ਨੂੰ ਛਿੱਤਰ ਥੋਹਰ ਜਾਂ ਨਾਗਫਣੀ ਕਿਹਾ ਜਾਂਦਾ ਹੈ ਅਤੇ ਇਸ ਦਾ ਵਿਗਿਆਨਿਕ ਨਾਂ 'ਓਪੰਸ਼ੀਆ ਫਾਈਕਸ-ਇੰਡੀਕਾ' ਹੈ। ਥੋਹਰ ਦੀ ਦਿੱਖ ਧੌੜੀ ਦੇ ਟੁੱਟੇ ਜਿਹੇ ਛਿੱਤਰ ਵਰਗੀ ਹੋਣ ਕਰਕੇ ਇਸ ਨੂੰ ਛਿੱਤਰ ਥੋਹਰ ਜਾਂ ਨਾਗ ਦੇ ਫੈਲੇ ਫਣ ਵਰਗੀ ਹੋਣ ਕਰਕੇ ਨਾਗਫਣੀ ਕਿਹਾ ਜਾਂਦਾ ਹੈ। ਹਾਲਾਂਕਿ ਵਿਸ਼ਵ ਦੇ ਹੋਰਨਾਂ ਹਿੱਸਿਆਂ ਵਿੱਚ ਇਸ ਨੂੰ 'ਪ੍ਰਿਕਲੀ ਪੀਅਰ' ਭਾਵ ਕੰਡਿਆਲੀ ਨਾਖ, ਅੰਜ਼ੀਰ ਔਪੰਨਸ਼ੀਆ ਅਤੇ ਬਾਰਬਰੀ ਅੰਜ਼ੀਰ ਆਦਿ ਨਾਵਾਂ ਨਾਲ਼ ਵੀ ਜਾਣਿਆ ਜਾਂਦਾ ਹੈ।

ਛਿੱਤਰ ਥੋਹਰ ਜ਼ਿਆਦਾਤਰ ਗਰਮ 'ਤੇ ਖ਼ੁਸ਼ਕ ਇਲਾਕਿਆਂ ਵਿੱਚ ਹੋਣ ਵਾਲ਼ੀ ਸਦਾਬਹਾਰ ਝਾੜੀ ਹੈ। ਇਸ ਦੀਆਂ ਸ਼ਾਖਾਵਾਂ ਗੁੱਦੇਦਾਰ ਅਤੇ ਚਪਟੀਆਂ ਹੁੰਦੀਆਂ ਹਨ। ਸਖ਼ਤ ਚਮੜੀ ਜਿਹੀਆਂ ਸ਼ਾਖਾਵਾਂ ਤੇ ਕੰਢੇ ਅਤੇ ਵਾਲ਼ਾਂ ਦੇ ਢੂੰਬੇ ਪਾਏ ਜਾਂਦੇ ਹਨ। ਇਸ ਦੇ ਫੁੱਲਾਂ ਦਾ ਰੰਗ ਪੀਲਾ-ਲਾਲ ਜਿਹਾ ਹੁੰਦਾ ਹੈ ਅਤੇ ਇਸ ਦਾ ਫਲ਼ ਨਾਸ਼ਪਤੀ ਦੀ ਸ਼ਕਲ ਵਰਗਾ, ਗੁੱਦੇਦਾਰ ਅਤੇ ਲਾਲ ਬੈਂਗਣੀ ਰੰਗ ਦਾ ਹੁੰਦਾ ਹੈ। ਪੱਕਿਆ ਹੋਇਆ ਫਲ਼ ਜਾਣਕਾਰ 'ਤੇ ਸ਼ੌਕੀਨ ਲੋਕਾਂ ਦੁਆਰਾ ਖੂਬ ਖਾਧਾ ਜਾਂਦਾ ਹੈ।

ਨਾਗਫਣੀ ਦੀ ਭੋਜਨ ਦੇ ਤੌਰ ਤੇ ਬਹੁਤ ਖਪਤ ਹੁੰਦੀ ਹੈ ਅਤੇ ਵਿਸ਼ਵ ਦੇ ਅਨੇਕਾਂ ਹਿੱਸਿਆਂ ਵਿੱਚ ਫਲ਼ਾਂ ਦਾ ਵਪਾਰੀਕਰਨ ਕੀਤਾ ਜਾਂਦਾ ਹੈ। ਵਿਟਾਮਿਨ 'ਸੀ' ਨਾਲ਼ ਭਰਪੂਰ ਫਲ਼ਾਂ ਨੂੰ ਕਈ ਲੋਕ ਕੱਚਿਆਂ ਖਾਣਾ ਵੀ ਪਸੰਦ ਕਰਦੇ ਹਨ। ਕੁਝ ਲੋਕ ਚਿਕਨ ਨਾਲ਼ ਸਾਈਡ ਡਿਸ਼ ਵਜੋਂ ਵੀ ਵਰਤਦੇ ਹਨ। ਕੁਝ ਲੋਕ ਇਸ ਦੇ ਪੌਦਿਆਂ ਤੋਂ ਤਰਲ ਪ੍ਰਾਪਤ ਕਰਦੇ ਹਨ ਜੋ ਸ਼ਰਾਬ ਵਾਂਗ ਪੀਤਾ ਜਾਂਦਾ ਹੈ। ਇਸ ਦੇ ਫਲ਼ਾਂ ਤੋਂ ਜੈਮ 'ਤੇ ਜੈਲੀ ਵਰਗੇ ਅਨੇਕਾਂ ਪਦਾਰਥ ਤਿਆਰ ਕਰਦੇ ਹਨ। ਬਹੁਤ ਲੋਕ ਤਾਂ ਪੁਰਾਣੇ ਵੇਲ਼ਿਆਂ ਤੋਂ ਇਸ ਨੂੰ ਵਾੜ ਵਜੋਂ ਵਰਤਦੇ ਰਹੇ ਹਨ ਜੋ ਸੁਰੱਖਿਆ ਦੇਣ ਦੇ ਨਾਲ਼-ਨਾਲ਼ ਭੌਂ-ਖੁਰ ਦੇ ਨਿਯੰਤਰਣ ਵਿੱਚ ਵੀ ਸਹਾਈ ਹੁੰਦਾ ਹੈ। ਮੈਕਸੀਕੋ ਵਿੱਚ ਇਸ ਦੇ ਮਿੱਠੇ ਫਲ਼ਾਂ ਸਦਕਾ ਵਪਾਰਕ ਵਰਤੋਂ ਖੂਬ ਹੁੰਦੀ ਹੈ 'ਤੇ ਉਹ ਇਸ ਨੂੰ 'ਟੂਨਸ' ਕਹਿੰਦੇ ਹਨ। ਵਿਸ਼ਵ ਦੇ ਬਹੁਤ ਲੋਕ ਇਸ ਨੂੰ ਸਜਾਵਟੀ ਪੌਦੇ ਵਜੋਂ ਵੀ ਖੂਬ ਪਸੰਦ ਕਰਦੇ ਹਨ।

ਵੈਦਿਕ ਗੁਣਾਂ ਦੀ ਗੱਲ ਕਰੀਏ ਤਾਂ ਛਿੱਤਰ ਥੋਹਰ ਕੋਲੈਸਟ੍ਰੌਲ ਘੱਟ ਕਰਨ, ਦਿਲ ਅਤੇ ਨਾੜੀਆਂ ਵਿੱਚ ਖ਼ੂਨ ਦਾ ਵਹਾਅ, ਬਲੱਡ ਸ਼ੂਗਰ, ਪਾਚਨ ਪ੍ਰਣਾਲੀ, ਦਿਮਾਗੀ ਪ੍ਰਣਾਲੀ ਆਦਿ ਦੇ ਨੁਸਖ਼ਿਆਂ ਵਿੱਚ ਵਰਤਿਆ ਜਾਂਦਾ ਹੈ। ਅਨੇਕਾਂ ਗੁਣਕਾਰੀ ਤੱਤਾਂ ਨਾਲ਼ ਭਰਪੂਰ ਫਲ਼ਾਂ ਦਾ ਸੇਵਨ ਕਰਨ ਨਾਲ਼ ਚਮੜੀ ਅਤੇ ਵਾਲ਼ਾਂ ਦੀ ਸੁੰਦਰਤਾ ਬਰਕਾਰ ਰਹਿੰਦੀ ਹੈ। ਫਲ਼ਾਂ ਤੋਂ ਪ੍ਰਾਪਤ ਸ਼ਰਬਤ ਅਨੇਕਾਂ ਬੀਮਾਰੀਆਂ ਦਾ ਹੱਲ ਸਮਝਿਆ ਜਾਂਦਾ ਹੈ।



# ਦ ਦੱਭ

**(Cynodon dactylon)**

# ਦੱਭ
## (*Cynodon dactylon*)

ਘਾਹ ਨੂੰ ਪੁਰਾਤਨ ਵੇਲਿਆਂ ਤੋਂ ਪੰਜਾਬ ਵਿੱਚ ਦੱਭ ਜਾਂ ਦਿੱਭ ਦੇ ਨਾਂ ਨਾਲ਼ ਜਾਣਿਆਂ ਜਾਂਦਾ ਹੈ ਜਿਸ ਦਾ ਜ਼ਿਕਰ ਸ਼ੇਖ਼ ਫ਼ਰੀਦ ਦੀ ਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਵੀ ਸੁਣਦੇ ਹਾਂ:-

ਲਤਾਂ ਹੇਠਿ ਲਤਾੜੀਐ ਘਾਹੁ ਨ ਕਢੈ ਸਾਹੁ ਵਿਚਾਰਾ॥

ਦੱਭ ਵੇਦਾਂ ਦੇ ਸਮੇਂ ਤੋਂ ਹਿੰਦੂ ਰੀਤੀ-ਰਿਵਾਜਾਂ ਦਾ ਹਿੱਸਾ ਰਿਹਾ ਹੈ ਅਤੇ ਭਗਵਾਨ ਗਣੇਸ਼ ਜੀ ਦੀ ਪੂਜਾ ਵਿੱਚ ਮਹੱਤਵਪੂਰਨ ਮੰਨਿਆ ਜਾਂਦਾ ਹੈ। ਦੱਭ ਨੂੰ ਸਮਰਪਿਤ ਤਿਉਹਾਰ ਜਿਸ ਨੂੰ ਦੁਰਗਾ ਅਸ਼ਟਮੀ ਕਿਹਾ ਜਾਂਦਾ ਹੈ, ਭਾਦੋਂ ਮਹੀਨੇ ਮਨਾਇਆ ਜਾਂਦਾ ਹੈ। ਕੇਰਲਾ ਵਿੱਚ ਘਾਹ ਨੂੰ ਦਸਾਪੁਸ਼ਪਮ ਭਾਵ ਦਸ ਪਵਿੱਤਰ ਫੁੱਲਾਂ ਦਾ ਹਿੱਸਾ ਮੰਨਿਆ ਜਾਂਦਾ ਹੈ। ਕੁੱਝ ਲੋਕ ਦੀਵਾਲੀ ਤੋਂ ਪਹਿਲਾਂ ਦੱਭ ਦੀਆਂ ਤਿੜ੍ਹਾਂ ਨੂੰ ਤੇਲ ਵਿੱਚ ਡਬੋ ਕੇ ਰੱਖਦੇ ਸਨ 'ਤੇ ਦੀਵਾਲੀ ਵਾਲ਼ੀ ਰਾਤ ਉਨ੍ਹਾਂ ਨੂੰ ਬਾਲਦੇ ਸਨ।

ਦੱਭ ਦੀਆਂ ਅਨੇਕਾਂ ਜਾਤੀਆਂ ਤੇ ਪ੍ਰਜਾਤੀਆਂ ਵੇਖਣ ਨੂੰ ਮਿਲ਼ਦੀਆਂ ਹਨ। ਪ੍ਰੰਤੂ ਵਿਗਿਆਨਿਕ ਤੌਰ ਤੇ 'ਸਾਈਨੋਡੌਨ ਡੈਕਟਾਈਲੌਨ' ਵੱਜੋਂ ਜਾਣੀ ਜਾਂਦੀ ਕਿਸਮ ਸਾਡੇ ਆਸ-ਪਾਸ ਨਦੀਨ ਦੇ ਰੂਪ ਵਿੱਚ ਆਮ ਹੀ ਮਿਲ਼ਦੀ ਹੈ ਅਤੇ ਇਸ ਨੂੰ ਬਰਮੁਡਾ ਘਾਹ, ਦੁਰਵਾ, ਦੁਰਵਾ ਯੁਗਮ, ਦੂਬ, ਕੁੱਤੇ ਦੰਦ ਘਾਹ, ਭਾਰਤੀ ਦੁਆਬ ਆਦਿ ਅਨੇਕਾਂ ਨਾਵਾਂ ਨਾਲ਼ ਜਾਣਿਆ ਜਾਂਦਾ ਹੈ। ਬਰਮੁਡਾ ਘਾਹ ਦੀ ਉਤਪਤੀ ਭਾਰਤ ਅਤੇ ਪੂਰਬੀ ਅਫ਼ਰੀਕਾ ਵਿੱਚ ਹੋਈ ਪ੍ਰੰਤੂ ਅੱਜ ਇਹ ਵਿਸ਼ਵ ਦੇ ਬੇਸ਼ੁਮਾਰ ਦੇਸ਼ਾਂ ਵਿੱਚ ਆਪਣੀ ਹਾਜ਼ਰੀ ਲਵਾ ਰਿਹਾ ਹੈ। ਪਤਲੇ ਤਣੇ ਵਾਲ਼ਾ ਇਹ ਦੱਭ ਧਰਤ ਦੇ ਉੱਪਰ ਲੇਟਦਿਆਂ-ਲੇਟਦਿਆਂ ਵੱਧਦਾ ਰਹਿੰਦਾ ਹੈ ਅਤੇ ਜਿਨ੍ਹਾਂ ਥਾਵਾਂ ਤੇ ਸਿੱਲ ਜ਼ਿਆਦਾ ਸਮਾਂ ਮੌਜੂਦ ਰਹੇ ਉੱਥੇ ਆਪਣੇ ਆਪ ਹੀ ਉੱਗ ਆਉਂਦਾ ਹੈ। ਤਣੇ ਦੀ ਹਰ ਗੰਢ ਉੱਤੇ ਜੜ੍ਹਾਂ ਫੁੱਟਦੀਆਂ ਹਨ। ਪਾਣੀ ਦੀ ਘਾਟ ਦੀ ਸਥਿਤੀ ਵਿੱਚ ਇਸ ਦੀਆਂ ਜੜ੍ਹਾਂ ਕਾਫ਼ੀ ਡੂੰਘਾਈ ਤੱਕ ਚਲੀਆਂ ਜਾਂਦੀਆਂ ਹਨ।

ਅਜੋਕੇ ਸਮੇਂ ਵਿੱਚ ਦੱਭ ਦੇ ਮੈਦਾਨ ਬਣਾਉਣ ਲਈ ਅਨੇਕਾਂ ਹੀ ਕਿਸਮਾਂ ਉਪਲੱਬਧ ਹੋ ਗਈਆਂ ਹਨ ਜੋ ਲੈਂਡਸਕੇਪਿੰਗ ਵਿੱਚ ਖ਼ੂਬ ਵਰਤੀਆਂ ਜਾਂਦੀਆਂ ਹਨ। ਪ੍ਰੰਤੂ ਵੱਡੇ ਖੇਡ ਮੈਦਾਨਾਂ ਜਾਂ ਸਾਂਝੇ ਸਥਾਨਾਂ ਤੇ ਜਿੱਥੇ ਸਾਂਭ-ਸੰਭਾਲ ਦਾ ਪ੍ਰਬੰਧ ਘੱਟ ਹੋਵੇ, ਉੱਥੇ ਦੇਸੀ ਦੱਭ ਨੂੰ ਲਾਉਣਾ ਜ਼ਿਆਦਾ ਬਿਹਤਰ ਸਮਝਿਆ ਜਾਂਦਾ ਹੈ। ਘੱਟ ਪਾਣੀ ਦੀ ਉਪਲੱਬਧਤਾ ਵਾਲ਼ੇ ਪਾਰਕਾਂ/ਮੈਦਾਨਾਂ ਲਈ ਤਾਂ ਬਰਮੁਡਾ ਘਾਹ ਹੀ ਕਾਮਯਾਬ ਹੁੰਦਾ ਹੈ।

ਘਾਹ ਮਖ਼ਮਲੀ ਗੱਦੇ ਦਾ ਅਹਿਸਾਸ ਦੇਣ ਦੇ ਨਾਲ਼-ਨਾਲ਼ ਔਸ਼ਧੀ ਗੁਣਾਂ ਨਾਲ਼ ਵੀ ਭਰਪੂਰ ਹੈ। ਇਸ ਵਿੱਚ ਅਨੇਕਾਂ ਗੁਣਕਾਰੀ ਤੱਤ ਪਾਏ ਜਾਂਦੇ ਹਨ ਜੋ ਮਨੁੱਖੀ ਸਿਹਤ ਲਈ ਲਾਹੇਵੰਦ ਹੁੰਦੇ ਹਨ। ਵੈਦਿਕ ਗੁਣਾਂ ਦੇ ਮੁਤਾਬਿਕ ਇਹ ਪੇਸ਼ਾਬ ਰੋਗ, ਪੁਰਾਣੇ ਦਸਤ, ਬਵਾਸੀਰ, ਗਠੀਆ, ਸ਼ੂਗਰ, ਅੱਖਾਂ ਦੇ ਰੋਗ, ਕਬਜ਼, ਮੂੰਹ ਦੇ ਰੋਗ, ਪੱਥਰੀ, ਨਕਸੀਰ ਆਦਿ ਅਨੇਕਾਂ ਮਨੁੱਖੀ ਬੀਮਾਰੀਆਂ ਦੇ ਇਲਾਜ ਲਈ ਵਰਤੇ ਜਾਂਦੇ ਨੁਸਖ਼ਿਆਂ ਦਾ ਹਿੱਸਾ ਬਣਦਾ ਹੈ। ਇਹ ਘਾਹ ਪਸ਼ੂਆਂ ਲਈ ਚਾਰੇ ਦਾ ਜ਼ਰੀਆ ਵੀ ਹੋ ਨਿਬੜਦਾ ਹੈ। ਅੱਜਕੱਲ੍ਹ ਕਈ ਲੋਕ ਘਾਹ ਨੂੰ ਵਪਾਰਕ ਪੱਧਰ ਤੇ ਲਾ ਕੇ ਕਮਾਈ ਕਰ ਰਹੇ ਹਨ ਅਤੇ ਗਲੀਚੇ ਵਾਂਗ ਵਿਛਾਉਣ ਦੀਆਂ ਨਵੀਂਆਂ ਤਕਨੀਕਾਂ ਨਾਲ਼ ਮਹੀਨਿਆਂ ਵਿੱਚ ਤਿਆਰ ਹੋਣ ਵਾਲ਼ਾ ਘਾਹ ਦਾ ਮੈਦਾਨ ਦਿਨਾਂ ਵਿੱਚ ਹੀ ਤਿਆਰ ਕਰ ਦਿੰਦੇ ਹਨ।


ਧ
ਧਤੂਰਾ
(Datura innoxia)

# ਧਤੂਰਾ

**(*Datura innoxia*)**

ਜਦ ਵੀ ਬੇਹੱਦ ਕੁੜੱਤਣ ਭਰਪੂਰ ਜਾਂ ਜ਼ਹਿਰੀਲੇ ਪੌਦਿਆਂ ਦੀ ਗੱਲ ਚਲਦੀ ਹੈ ਤਾਂ ਧਤੂਰੇ ਦਾ ਨਾਂ ਸਾਹਮਣੇ ਆਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਤੂਰੇ ਦੇ ਇਸ ਸੁਭਾਅ ਬਾਰੇ ਫ਼ਰਮਾਇਆ ਹੈ:-
ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥

ਹਿੰਦੂ ਧਾਰਮਿਕ ਲਿਖਤ ਵਾਮਨ ਪੁਰਾਣ ਦੇ ਅਨੁਸਾਰ ਭਗਵਾਨ ਸ਼ਿਵ ਦੇ ਸਮੁੰਦਰ ਮੰਥਨ ਦਾ ਹਲਾਹਲ ਜ਼ਹਿਰ ਪੀਣ ਤੋਂ ਬਾਅਦ, ਉਸ ਜ਼ਹਿਰ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਧਤੂਰੇ ਦਾ ਫੁੱਲ ਉਨ੍ਹਾਂ ਦੀ ਛਾਤੀ ਵਿੱਚੋਂ ਬਾਹਰ ਆਇਆ। ਭਗਵਾਨ ਸ਼ਿਵ ਨੂੰ ਧਤੂਰਾ ਭੇਂਟ ਕਰਦਿਆਂ ਪ੍ਰਰਾਥਨਾ ਕੀਤੀ ਜਾਂਦੀ ਹੈ ਕਿ ਉਹ ਸਾਡੇ ਸਰੀਰ ਅਤੇ ਆਤਮਾ ਵਿੱਚੋਂ ਈਰਖਾ ਅਤੇ ਕ੍ਰੋਧ ਵਰਗੇ ਜ਼ਹਿਰਾਂ ਨੂੰ ਦੂਰ ਕਰੇ।

ਧਤੂਰਾ ਪ੍ਰਕ੍ਰਿਤੀ ਦੀ ਇੱਕ ਮਹੱਤਵਪੂਰਨ ਦੇਣ ਹੈ ਜਿਸ ਨੂੰ ਕੰਡਿਆਲਾ ਸੇਬ (ਥੌਰਨ ਐਪੱਲ), ਨਰਕ ਦੀਆਂ ਘੰਟੀਆਂ, ਮੂਨ ਫ਼ਲਾਵਰ, ਨੀਲਕੰਠ, ਸ਼ੈਤਾਨ ਬੂਟੀ ਆਦਿ ਅਨੇਕਾਂ ਨਾਵਾਂ ਨਾਲ਼ ਜਾਣਿਆ ਜਾਂਦਾ ਹੈ। ਅਚਾਰੀਆ ਚਰਕ ਨੇ ਇਸ ਨੂੰ 'ਕਨਕ' ਅਤੇ ਸੁਸ਼ਰਤ ਨੇ 'ਉਨਮੱਤ' ਨਾਮ ਨਾਲ਼ ਸੰਬੋਧਿਤ ਕੀਤਾ ਹੈ। ਆਯੁਰਵੇਦ ਵਿੱਚ ਇਸ ਨੂੰ ਉਪ-ਜ਼ਹਿਰ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਇਹ ਪੌਦਾ ਸਮੁੱਚੇ ਭਾਰਤ ਵਿੱਚ ਖ਼ਾਸਕਰ ਗਰਮ ਇਲਾਕਿਆਂ 'ਤੇ ਹਿਮਾਲਿਆ ਦੇ ਹੇਠਲੇ ਖੇਤਰਾਂ ਵਿੱਚ ਵੇਖਣ ਨੂੰ ਮਿਲ਼ਦਾ ਹੈ। ਉੱਤਰੀ ਅਮਰੀਕਾ, ਮੈਕਸੀਕੋ, ਉੱਤਰੀ ਅਫ਼ਰੀਕਾ, ਤਨਜ਼ਾਨੀਆ, ਯੁਗਾਂਡਾ, ਕੀਨੀਆ ਅਤੇ ਬੰਗਲਾਦੇਸ਼ ਵਰਗੇ ਕਈ ਦੇਸ਼ਾਂ ਵਿੱਚ ਜੰਗਲ਼ੀ ਰੂਪ ਵਿੱਚ ਉੱਗਿਆ ਵਿਖਾਈ ਦਿੰਦਾ ਹੈ।

ਧਤੂਰਾ ਝਾੜੀਦਾਰ, ਇੱਕ ਰੁੱਤੀ ਪੌਦਾ ਹੈ ਜੋ 'ਸੋਲਾਨੇਸੀ' ਕੁਲ ਨਾਲ਼ ਸਬੰਧਿਤ ਹੈ ਅਤੇ ਇਸ ਦਾ ਵਿਗਿਆਨਿਕ ਨਾਂ 'ਦਤੂਰਾ ਮੈਟਲ' ਹੈ। ਇਸ ਦੀਆਂ ਟਾਹਣੀਆਂ ਸਖ਼ਤ ਅਤੇ ਤਿੱਖੀ ਮਹਿਕ ਵਾਲ਼ੀਆਂ ਹੁੰਦੀਆਂ ਹਨ। ਇਹ ਜ਼ਿਆਦਾਤਰ ਉਜਾੜ ਥਾਵਾਂ ਅਤੇ ਗੰਦਗੀ ਦੇ ਢੇਰ ਉੱਪਰ ਉੱਗਿਆ ਵੇਖਣ ਨੂੰ ਮਿਲ਼ਦਾ ਹੈ। ਪੱਤੇ ਬਿਨਾਂ ਲੂੰ ਦੇ ਹੁੰਦੇ ਹਨ ਅਤੇ ਸਤੰਬਰ ਮਹੀਨੇ ਵਿੱਚ ਸਫ਼ੈਦ ਰੰਗਾਂ ਦੇ ਫੁੱਲ ਖਿੜਨੇ ਸ਼ੁਰੂ ਹੋ ਜਾਂਦੇ ਹਨ ਜੋ ਬਾਅਦ ਵਿੱਚ ਮੱਸੇਦਾਰ ਫਲ਼ਾਂ ਵਿੱਚ ਤਬਦੀਲ ਹੋ ਜਾਂਦੇ ਹਨ। ਫਲ਼ਾਂ ਵਿੱਚ ਪੀਲ਼ੇ ਭੂਰੇ ਰੰਗ ਦੇ ਗੁਰਦਾ ਆਕਾਰ ਬੀਜ ਮੌਜੂਦ ਹੁੰਦੇ ਹਨ।

ਧਤੂਰੇ ਦੇ ਪੌਦੇ ਫਾਈਬਰ, ਟੈਨ, ਗੂੰਦ, ਤੇਲ ਆਦਿ ਲਈ ਵਰਤੇ ਜਾਂਦੇ ਹਨ। ਇਹ ਪੌਸ਼ਟਿਕ ਤੱਤਾਂ, ਐਂਟੀ-ਆਕਸੀਡੈਂਟਸ, ਵਿਟਾਮਿਨ, ਕਾਰਬੋਹਾਈਡ੍ਰੇਟਸ, ਪ੍ਰੋਟੀਨ ਆਦਿ ਦੇ ਚੰਗੇ ਸ੍ਰੋਤ ਹਨ। ਬਹੁਤ ਸਾਰੀਆਂ ਬੀਮਾਰੀਆਂ ਜਿਵੇਂ ਕਿ ਕੈਂਸਰ, ਗਠੀਆ, ਕੰਨ ਦਾ ਦਰਦ, ਚਮੜੀ ਦੇ ਰੋਗਾਂ, ਜ਼ਖਮ, ਜਲਣ, ਤਣਾਅ, ਉਦਾਸੀ, ਦੰਦਾਂ ਦੇ ਰੋਗ, ਫੋੜਿਆਂ ਆਦਿ ਦੇ ਇਲਾਜ ਲਈ ਨੁਸਖ਼ੇ ਤਿਆਰ ਕੀਤੇ ਜਾਂਦੇ ਹਨ। ਧਤੂਰੇ ਦੇ ਵੱਖ-ਵੱਖ ਭਾਗ ਪੱਤੇ, ਫੁੱਲ, ਫਲ਼ ਆਦਿ ਸਭ ਨੂੰ ਅਨੇਕਾਂ ਰੋਗਾਂ ਤੋਂ ਨਿਜਾਤ ਪਾਉਣ ਲਈ ਵਰਤਿਆ ਜਾਂਦਾ ਹੈ। ਨਸ਼ੀਲੇ ਪ੍ਰਭਾਵ ਕਾਰਨ ਕਈ ਜੋਗੀ ਸਾਧਨਾ ਕਰਨ ਸਮੇਂ ਵੀ ਉਪਯੋਗ ਕਰਦੇ ਹਨ ਅਤੇ ਪੁਰਾਣੇ ਵੇਲ਼ਿਆਂ ਵਿੱਚ ਠੱਗ ਲੋਕ ਮੁਸਾਫ਼ਰਾਂ ਨੂੰ ਲੁੱਟਣ ਲਈ ਕਿਸੇ ਖਾਣਯੋਗ ਪਦਾਰਥ ਵਿੱਚ ਧਤੂਰੇ ਦੇ ਬੀਜ ਕੁੱਟ ਕੇ ਖੁਆ ਦਿੰਦੇ ਸਨ ਜਿਸ ਨੂੰ ਖਾਣ ਉਪਰੰਤ ਇਨਸਾਨ ਬੇਹੋਸ਼ੀ ਦੀ ਹਾਲਤ ਵਿੱਚ ਚਲਾ ਜਾਂਦਾ ਸੀ। ਧਤੂਰੇ ਦੀਆਂ ਕਈ ਹੋਰ ਪ੍ਰਜਾਤੀਆਂ ਮਿਲ਼ਦੀਆਂ ਹਨ ਜਿਨ੍ਹਾਂ ਵਿੱਚ ਲੂੰਦਾਰ ਧਤੂਰਾ (ਦਤੂਰਾ ਮੈਟਲ), ਚਿੱਟਾ ਧਤੂਰਾ (ਦਤੂਰਾ ਐਲਬਾ), ਕਾਲ਼ਾ ਧਤੂਰਾ (ਦਤੂਰਾ ਸਟ੍ਰੋਮੋਨੀਅਮ) ਮੁੱਖ ਰੂਪ ਵਿੱਚ ਦਵਾਈਆਂ ਬਣਾਉਣ ਲਈ ਸਹਾਈ ਹੁੰਦੀਆਂ ਹਨ। ਕੁੱਲ ਮਿਲ਼ਾ ਕੇ ਇਸ ਕੁੜੱਤਣ ਭਰਪੂਰ 'ਤੇ ਜ਼ਹਿਰੀ ਗੁਣਾਂ ਵਾਲ਼ੇ ਪੌਦੇ ਨੂੰ ਤਕਨੀਕੀ ਰੂਪ ਨਾਲ਼ ਵਰਤਿਆ ਜਾਵੇ ਤਾਂ ਅਨੇਕਾਂ ਮਨੁੱਖੀ ਬੀਮਾਰੀਆਂ ਦਾ ਇਲਾਜ ਕੀਤਾ ਜਾ ਸਕਦਾ ਹੈ।

# ਨ ਨਿੰਮ
*(Azadirachta indica)*



# ਨਿੰਮ

## (*Azadirachta indica*)

ਨਿੰਮ ਅਤੇ ਕੁੜੱਤਣ ਦਾ ਸਬੰਧ ਨਿੰਮ ਦੀ ਹੋਂਦ ਜਿੰਨਾ ਹੀ ਪੁਰਾਣਾ ਹੈ। ਨਿੰਮ ਦੇ ਇਸ ਸੁਭਾਅ ਬਾਰੇ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਫ਼ਰਮਾਇਆ ਹੈ:-

ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ॥

ਉਪਰੋਕਤ ਤੋਂ ਇਲਾਵਾ ਵੀ ਨਿੰਮ ਦਾ ਜ਼ਿਕਰ ਗੁਰਬਾਣੀ ਵਿੱਚ ਕਈ ਜਗ੍ਹਾ ਤੇ ਵੇਖਣ ਨੂੰ ਮਿਲਦਾ ਹੈ ਅਤੇ ਗੁਰਦੁਆਰਾ ਨਿੰਮ ਸਾਹਿਬ ਕੈਥਲ (ਹਰਿਆਣਾ) ਅਤੇ ਪਟਿਆਲਾ ਜਿਲ੍ਹੇ ਦੇ ਪਿੰਡ ਆਕੜ ਵਿਖੇ ਸਥਿਤ ਹੈ। ਨਿੰਮ ਮਿਥਿਹਾਸ ਵਿੱਚ ਆਪਣੀ ਹਾਜ਼ਰੀ ਖੂਬ ਭਰਦੀ ਨਜ਼ਰ ਆਉਂਦੀ ਹੈ। ਕਿਹਾ ਜਾਂਦਾ ਹੈ ਕਿ ਸਾਗਰ ਮੰਥਨ ਤੋਂ ਬਾਅਦ ਜਦ ਅਮ੍ਰਿਤ ਨੂੰ ਸਵਰਗ ਵਿੱਚ ਲਿਜਾਇਆ ਜਾ ਰਿਹਾ ਸੀ ਤਾਂ ਉਸ ਦੀਆਂ ਕੁਝ ਬੂੰਦਾਂ ਧਰਤੀ 'ਤੇ ਡਿਗ ਪਈਆਂ ਜਿਸ ਤੋਂ ਨਿੰਮ ਦੀ ਉਤਪਤੀ ਹੋਈ। ਇਸ ਤੋਂ ਇਲਾਵਾ ਨਿੰਮ ਉੱਪਰ ਸੀਤਲਾ ਦੇਵੀ ਦਾ ਵਾਸ ਮੰਨਿਆ ਜਾਂਦਾ ਹੈ। ਪੁਰਾਣੇ ਵੇਲਿਆਂ ਤੋਂ ਜਦ ਵੀ ਤਿੰਨ ਰੁੱਖਾਂ ਦੇ ਸੁਮੇਲ ਨਾਲ ਤ੍ਰਿਵੇਣੀ ਲਾਈ ਜਾਂਦੀ ਹੈ ਤਾਂ ਬੋਹੜ, ਪਿੱਪਲ ਦੇ ਨਾਲ ਤੀਜਾ ਰੁੱਖ ਨਿੰਮ ਦਾ ਹੁੰਦਾ ਹੈ। ਕਿਸੇ ਵੇਲੇ ਹਾਜੀ ਲੋਕਾਂ ਦੀ ਸਹੂਲਤ ਲਈ ਮੱਕੇ ਦੇ ਆਸ ਪਾਸ ਹਜ਼ਾਰਾਂ ਦੀ ਗਿਣਤੀ ਵਿੱਚ ਨਿੰਮ ਦੇ ਰੁੱਖ ਲਾਏ ਗਏ ਸਨ। ਨਿੰਮ ਦੇ ਪੱਤਿਆਂ ਨੂੰ ਬਰੂਹਾਂ ਜਾ ਬੂਹਿਆਂ ਤੇ ਬੰਨ੍ਹਣ ਦਾ ਰਿਵਾਜ ਆਮ ਹੀ ਹੁੰਦਾ ਸੀ।

ਭਾਰਤੀ ਉਪਮਹਾਂਦੀਪ ਦੇ ਮੂਲ ਨਿਵਾਸੀ ਇਸ ਗੁਣਕਾਰੀ ਰੁੱਖ ਨੂੰ ਵਿਸ਼ਵ ਪੱਧਰ ਤੇ ਕੁਦਰਤੀ ਦਵਾਖਾਨਾ, ਦੈਵੀ ਰੁੱਖ, ਸਰਬ ਰੋਗ ਔਸ਼ਧੀ, 'ਮਾਰਗੋਸਾ', ਅਜ਼ਾਦ ਰੁੱਖ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਸ ਦਾ ਵਿਗਿਆਨਿਕ ਨਾਂ 'ਐਜ਼ਾਡਿਰੈਕਟਾ ਇੰਡਿਕਾ' ਹੈ ਅਤੇ ਗੋਰੇ ਇਸ ਨੂੰ 'ਵਿਲੇਜ ਫਾਰਮੇਸੀ' ਵੀ ਕਹਿੰਦੇ ਹਨ। ਲਗ ਭਗ ਸਾਰਾ ਸਾਲ ਹਰਾ ਰਹਿਣ ਵਾਲਾ ਇਹ ਰੁੱਖ ਮਾਰਚ ਮਹੀਨੇ ਪੱਤੇ ਝਾੜਦਾ ਹੈ ਅਤੇ ਨਵੇਂ ਪੱਤੇ ਸ਼ੁਰੂ ਵਿੱਚ ਕੂਲੇ, ਹਲਕੇ ਹਰੇ/ ਲਾਲ-ਜਾਮਣੀ ਜਿਹੇ ਹੁੰਦੇ ਹਨ। ਇਹ ਲੰਬੂਤਰੇ ਅਤੇ ਪਾਸਿਆਂ ਤੋਂ ਆਰੀ ਦੇ ਦੰਦਿਆਂ ਵਾਲੀ ਦਿੱਖ ਵਾਲੇ ਸੰਘਣੇ ਪੱਤਿਆਂ ਕਰਕੇ ਠੰਡੀ ਛਾਂ ਪ੍ਰਦਾਨ ਕਰਦਾ ਹੈ।

ਅਪ੍ਰੈਲ ਮਹੀਨੇ ਰੁੱਖ ਉੱਪਰ ਸਫ਼ੈਦ ਅਤੇ ਮਹਿਕਦਾਰ ਫੁੱਲ ਪੈਂਦੇ ਹਨ। ਜੋ ਸਮਾਂ ਪਾ ਕੇ ਅੰਡਕਾਰ ਫ਼ਲ, ਜਿਨ੍ਹਾਂ ਨੂੰ ਅਸੀਂ ਨਮੋਲੀਆਂ ਕਹਿੰਦੇ ਹਾਂ, ਵਿੱਚ ਤਬਦੀਲ ਹੋ ਜਾਂਦੇ ਹਨ। ਪੱਕਣ ਤੇ ਇਹ ਨਮੋਲੀਆਂ ਪੀਲੀਆਂ ਪੈ ਜਾਂਦੀਆਂ ਹਨ ਅਤੇ ਇਨ੍ਹਾਂ ਵਿੱਚ ਗਿਟਕ ਹੁੰਦੀ ਹੈ ਜਿਸ ਵਿੱਚ ਬੀਜਾਂ ਦੀ ਗਿਣਤੀ ਦੋ-ਤਿੰਨ ਹੁੰਦੀ ਹੈ। ਪੰਛੀ ਨਮੋਲੀਆਂ ਬੇਹੱਦ ਪਸੰਦ ਕਰਦੇ ਹਨ 'ਤੇ ਕੀੜਾ ਘੱਟ ਨੁਕਸਾਨ ਕਰਦਾ ਹੋਣ ਕਰਕੇ ਇਸ ਦੀ ਲੱਕੜ ਤੋਂ ਫਰਨੀਚਰ, ਖੇਤੀ ਸੰਦ, ਇਮਾਰਤਸ਼ਾਜੀ, ਘਰੇਲੂ ਵਸਤਾਂ, ਘੋਟਣੇ, ਸੰਦੂਕ ਆਦਿ ਬਣਾਏ ਜਾਂਦੇ ਹਨ। ਨਿੰਮ ਤੋਂ ਬਣੇ ਕੀਟਨਾਸ਼ਕ ਜੈਵਿਕ ਖੇਤੀ ਵਿੱਚ ਵਰਤੇ ਜਾਂਦੇ ਹਨ।

ਆਯੁਰਵੈਦਿਕ ਪ੍ਰਣਾਲੀ ਵਿੱਚ ਨਿੰਮ ਦਾ ਉਪਯੋਗ ਹਜ਼ਾਰਾਂ ਸਾਲ ਪੁਰਾਣਾ ਹੈ। ਨਿੰਮ ਦੇ ਪੰਜ ਹਿੱਸਿਆਂ ਦੇ ਇਕੱਠ ਜਿਵੇਂ ਪੱਤੇ, ਛਿੱਲ, ਫੁੱਲ, ਫ਼ਲ ਅਤੇ ਜੜ੍ਹ ਨੂੰ ਨਿੰਮ ਪੰਚਕ ਕਿਹਾ ਜਾਂਦਾ ਹੈ। ਬੀਜਾਂ ਤੋਂ ਮਿਲਣ ਵਾਲਾ ਤੇਲ 'ਮਾਰਗੋਸਾ' ਵਿਸ਼ਵ ਪ੍ਰਸਿੱਧ ਹੈ ਜੋ ਕੋਹੜ ਅਤੇ ਹੋਰ ਚਮੜੀ ਰੋਗਾਂ ਲਈ ਰਾਮਬਾਣ ਹੈ। ਨਿੰਮ ਦੀ ਦਾਤਣ ਸਾਡੇ ਵੱਡ-ਵਡੇਰੇ ਪੁਰਾਣੇ ਵੇਲਿਆਂ ਤੋਂ ਕਰਦੇ ਆ ਰਹੇ ਹਨ। ਬੰਗਾਲ ਵਿੱਚ ਨਿੰਮ ਦੇ ਪੱਤਿਆ ਤੋਂ ਸਬਜ਼ੀ ਬਣਾਈ ਜਾਂਦੀ ਹੈ। ਨਿੰਮ ਵੈਦਾਂ ਦੁਆਰਾ ਤਿਆਰ ਕੀਤੇ ਜਾਂਦੇ ਅਨੇਕਾਂ ਨੁਸਖ਼ਿਆਂ ਵਿੱਚ ਵਰਤੀ ਜਾਂਦੀ ਹੈ ਜੋ ਕਈ ਮਨੁੱਖੀ ਬੀਮਾਰੀਆਂ ਦੇ ਇਲਾਜ ਵਿੱਚ ਸਹਾਈ ਹੁੰਦੇ ਹਨ। ਨਿੰਮ ਦਾ ਵਾਧਾ ਨਮੋਲੀਆਂ ਰਾਹੀਂ ਕੁਦਰਤੀ ਰੂਪ ਵਿੱਚ ਅਸਾਨੀ ਨਾਲ ਹੁੰਦਾ ਹੈ। ਬੱਚੇ ਅਕਸਰ ਨਿੰਮ ਹੇਠਾਂ ਉੱਗੇ ਬੂਟੇ ਖੁੱਗ ਕੇ ਹੋਰਨਾਂ ਥਾਵਾਂ ਤੇ ਲਾ ਦਿੰਦੇ ਸਨ। ਨਿੰਮ ਸਾਡੇ ਸਾਹਿਤ ਵਿੱਚ ਵੀ ਅਨੇਕ ਥਾਂ ਆਪਣੀ ਹਾਜ਼ਰੀ ਲਵਾਉਂਦੀ ਹੈ:-

ਕੌੜੀ ਨਿੰਮ ਵੀ ਏ ਪੂਜਣ ਜੋਗੀ,
ਰੱਬ ਜੀਹਦੀ ਛਾਵੇਂ ਬਹਿ ਗਿਆ।


ਪ
ਪਿੱਪਲ
(Ficus religiosa)

# ਪਿੱਪਲ

**(*Ficus religiosa*)**

ਸਾਡੀਆਂ ਪਿਛਲੀਆਂ ਪੀੜ੍ਹੀਆਂ ਅਕਸਰ ਆਪਣਾ ਵਿਹਲਾ ਸਮਾਂ ਸੱਥਾਂ, ਦਰਵਾਜਿਆਂ, ਖੂਹਾਂ-ਟੋਭਿਆਂ 'ਤੇ ਲੱਗੇ ਪਿੱਪਲ ਵਰਗੇ ਵਿਸ਼ਾਲ ਬਿਰਖਾਂ ਹੇਠ ਗੁਜ਼ਾਰਦੀਆਂ ਸਨ। ਮੁਟਿਆਰਾਂ ਦਾ ਗੀਟੇ ਖੇਡਣਾ, ਕਿੱਕਲੀ ਪਾਉਣਾ, ਪੀਂਘਾਂ ਝੂਟਣੀਆਂ, ਚਾਦਰਾਂ ਕੱਢਣੀਆਂ, ਚਰਖੇ ਕੱਤਣੇ ਤੇ ਗੱਭਰੂਆਂ ਦਾ ਬਜ਼ੁਰਗਾਂ ਨਾਲ਼ ਰਲ਼ ਤਾਸ਼ ਖੇਡਣਾ, ਪਿੰਡ ਤੋਂ ਲੈ ਕੇ ਦੇਸ਼ ਤੱਕ ਦੀ ਰਾਜਨੀਤੀ ਵਿਚਾਰਨਾ, ਵਾਣ ਵੱਟਣਾ, ਮੰਜੇ ਬੁਣਨਾ, ਅਮਲੀਆਂ ਦਾ ਆਉਂਦੀ ਜਾਂਦੀ ਨੂੰ ਟਿੱਚਰ ਕਰਨਾ ਆਦਿ ਸਭ ਪਿੱਪਲਾਂ-ਬੋਹੜਾਂ ਵਰਗੇ ਰੁੱਖਾਂ ਹੇਠ ਹੀ ਹੁੰਦਾ ਸੀ।

ਪਿੱਪਲਾਂ ਵੇ ਮੇਰੇ ਪੇਕੇ ਪਿੰਡ ਦਿਆ ਤੇਰੀਆਂ ਠੰਡੀਆਂ ਛਾਵਾਂ।<br>
ਢਾਬ ਤੇਰੀ ਦਾ ਗੰਧਲਾ ਪਾਣੀ, ਉੱਤੋਂ ਬੂਰ ਹਟਾਵਾਂ।

ਸਾਹਿਤ ਤੱਕ ਨਾ ਸੀਮਤ ਹੋ ਕੇ ਪਿੱਪਲ ਦਾ ਜ਼ਿਕਰ ਮਿਥਿਹਾਸ ਕਥਾਵਾਂ ਵਿੱਚ ਅਨੇਕ ਜਗ੍ਹਾ ਸੁਣਨ ਨੂੰ ਮਿਲ਼ਦਾ ਹੈ। ਪਵਿੱਤਰ ਗ੍ਰੰਥ ਗੀਤਾ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਅਰਜੁਨ ਨੂੰ ਕਿਹਾ ਕਿ 'ਰੁੱਖਾਂ ਵਿੱਚ ਮੈਂ ਪਿੱਪਲ ਹਾਂ'। ਇਸ ਰੁੱਖ ਨੂੰ ਬ੍ਰਹਮਾ ਦਾ ਸਰੂਪ ਮੰਨਿਆ ਜਾਂਦਾ ਹੈ 'ਤੇ ਵਿਸ਼ਨੂੰ ਮਹਾਰਾਜ ਨਾਲ਼ ਵੀ ਸਬੰਧ ਜੁੜਦਾ ਹੈ। ਪਿੱਪਲ ਦੀ ਪਹਿਚਾਣ ਵਿਸ਼ਵ ਪੱਧਰ ਤੇ ਉਦੋਂ ਬਣੀ, ਜਦ ਗੌਤਮ ਬੁੱਧ ਨੂੰ ਇਸ ਰੁੱਖ ਹੇਠ ਗਿਆਨ ਪ੍ਰਾਪਤੀ ਹੋਈ। ਉਸ ਉਪਰੰਤ ਹੀ ਵਿਸ਼ਵ ਪੱਧਰ ਤੇ ਪਿੱਪਲ ਨੂੰ 'ਬੋਧੀ ਰੁੱਖ' ਵਜੋਂ ਜਾਣਿਆਂ ਜਾਣ ਲੱਗਿਆ। ਸ੍ਰੀਲੰਕਾ ਵਿੱਚ ਤਕਰੀਬਨ 2000 ਸਾਲ ਤੋਂ ਵੀ ਪੁਰਾਤਨ ਰੁੱਖ ਦੀ ਮੌਜੂਦਗੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਇਸ ਦੀ ਉਮਰ ਆਮ ਰੁੱਖਾਂ ਨਾਲ਼ੋਂ ਕਾਫ਼ੀ ਜ਼ਿਆਦਾ ਹੈ। ਭਾਰਤੀ ਲੋਕ ਕਥਾਵਾਂ ਵਿੱਚ ਪਿੱਪਲ ਨੂੰ ਬੋਹੜ ਦੀ ਮਾਦਾ ਭਾਵ ਪਤਨੀ ਮੰਨਿਆ ਜਾਂਦਾ ਹੈ। ਪੁਰਾਣੇ ਵੇਲ਼ਿਆਂ ਵਿੱਚ ਕੁਝ ਲੋਕ ਇਸ ਦਾ ਵਿਆਹ ਨਿੰਮ ਨਾਲ਼ ਵੀ ਕਰਦੇ ਸਨ। ਗੁਰਬਾਣੀ ਵਿੱਚ ਪਿੱਪਲ ਦਾ ਜ਼ਿਕਰ 'ਪੀਪ' ਦੇ ਨਾਮ ਨਾਲ਼ ਮਿਲ਼ਦਾ ਹੈ ਅਤੇ ਕਈ ਸਥਾਨਾਂ ਤੇ ਗੁਰਦੁਆਰਾ ਪਿੱਪਲ ਸਾਹਿਬ ਜਾਂ ਪਿੱਪਲੀ ਸਾਹਿਬ ਸਸ਼ੋਭਿਤ ਹਨ।

ਵਿਸ਼ਾਲ ਘੇਰੇ, ਉਚਾਈ ਵਾਲ਼ੇ ਇਸ ਨੀਮ ਪਤਝੜੀ ਰੁੱਖ ਦਾ ਵਿਗਿਆਨਿਕ ਨਾਂ 'ਫਾਈਕਸ ਰਿਲੀਜੀਓਸਾ' ਇਸ ਦੀ ਧਾਰਮਿਕ ਮਹੱਤਤਾ ਨੂੰ ਦਰਸਾਉਂਦਾ ਹੈ। ਗਰਮ ਰੁੱਤ ਦੇ ਸ਼ੁਰੂ ਹੁੰਦਿਆਂ ਨਵੇਂ ਪੱਤਰ ਆਉਂਦੇ ਹਨ ਤੇ ਪੁਰਾਣਿਆਂ ਦੀ ਖੜ-ਖੜਾਹਟ ਤੇ ਝੜਨ ਦਾ ਜ਼ਿਕਰ ਲੋਕ ਗੀਤਾਂ ਵਿੱਚ ਵੀ ਸੁਣਨ ਨੂੰ ਮਿਲ਼ਦਾ ਹੈ।

ਪਿੱਪਲ ਦਿਆ ਪੱਤਿਆ ਵੇ ਕਿਹੀ ਖੜ-ਖੜ ਲਾਈ ਐ,<br>
ਵਾ ਵਗੀ ਝੜ ਜਾਏਂਗਾ ਰੁੱਤ ਨਵਿਆਂ ਦੀ ਆਈ ਐ।

ਪਿੱਪਲ ਦੇ ਫੁੱਲਾਂ ਬਾਰੇ ਸੋਚਣ ਤੇ ਸਵਾਲ ਉੱਠਦਾ ਹੈ ਕਿ ਕੀ ਤੁਸੀਂ ਪਿੱਪਲ ਦੇ ਫੁੱਲਾਂ ਨੂੰ ਵੇਖਿਆ ਹੈ? ਬੜੀ ਰੋਚਕ ਗੱਲ ਹੈ ਕਿ ਪਿੱਪਲ ਨੂੰ ਲੱਗਣ ਵਾਲ਼ੀਆਂ ਗੋਲ੍ਹਾਂ ਅਸਲ ਵਿੱਚ ਫਲ਼ ਨਹੀਂ ਹੁੰਦੀਆਂ ਬਲਕਿ ਅਜਿਹਾ ਖੋਲ ਹੁੰਦੀਆਂ ਹਨ ਜਿਸ ਵਿੱਚ ਫੁੱਲ ਅਤੇ ਫਲ਼ ਦੋਵੇਂ ਪਾਏ ਜਾਂਦੇ ਹਨ। ਗੋਲ੍ਹਾਂ ਸ਼ੁਰੂਆਤੀ ਦਿਨਾਂ ਵਿੱਚ ਹਰੀਆਂ ਫਿਰ ਲਾਲ ਅਤੇ ਹੌਲ਼ੀ-ਹੌਲ਼ੀ ਪੱਕ ਕੇ ਗੂੜ੍ਹੇ ਜਾਮਣੀ ਰੰਗ ਦੀਆਂ ਹੋ ਜਾਂਦੀਆਂ ਹਨ। ਅਨੇਕਾਂ ਤਰ੍ਹਾਂ ਦੇ ਪੰਛੀ ਇਨ੍ਹਾਂ ਗੋਲ੍ਹਾਂ ਨੂੰ ਖਾਣਾ ਬਹੁਤ ਪਸੰਦ ਕਰਦੇ ਹਨ। ਪੰਛੀਆਂ ਦੀਆਂ ਬਿੱਠਾਂ ਰਾਹੀਂ ਪਿੱਪਲ ਦੇ ਬੀਜ ਦੂਰ-ਦੁਰਾਡੇ ਪੁੱਜ ਜਾਂਦੇ ਹਨ।

ਛਾਂ ਦੀ ਪ੍ਰਾਪਤੀ ਤੋਂ ਇਲਾਵਾ ਪਿੱਪਲ ਦੇ ਸੱਕ ਅਤੇ ਹੋਰਨਾਂ ਹਿੱਸਿਆਂ ਤੋਂ ਮਸੂੜ੍ਹਿਆਂ ਦੇ ਰੋਗ, ਚਮੜੀ ਰੋਗ, ਕਬਜ਼, ਦਮਾ, ਬਾਂਝਪਣ, ਨਕਸੀਰ ਫੁੱਟਣਾ ਆਦਿ ਅਨੇਕਾਂ ਬੀਮਾਰੀਆਂ ਦੇ ਇਲਾਜ ਲਈ ਨੁਸਖ਼ੇ ਤਿਆਰ ਕੀਤੇ ਜਾਂਦੇ ਸਨ। ਪਿੱਪਲ ਦੇ ਪੱਤੇ ਚਾਰੇ ਦੇ ਰੂਪ ਵਿੱਚ ਅਤੇ ਸੁਕਾ ਕੇ ਕਲਾ ਦੇ ਕੰਮਾਂ ਵਿੱਚ ਖੂਬ ਵਰਤੇ ਜਾਂਦੇ ਹਨ। ਕੁੱਲ ਮਿਲ਼ਾ ਕੇ ਪਿੱਪਲ ਨੂੰ ਪੂਜਣਯੋਗ ਰੁੱਖ ਇਸੇ ਕਰਕੇ ਮੰਨਿਆ ਜਾਂਦਾ ਹੈ ਕਿਉਂਕਿ ਇਹ ਮਨੁੱਖ ਦੇ ਅਨੇਕਾਂ ਕਾਰਜਾਂ ਵਿੱਚ ਸਹਾਈ ਹੋ ਨਿਬੜਦਾ ਹੈ।

# ਫ ਫਲਾਹੀ

*(Senegalia modesta)*









# ਫਲਾਹੀ

**(Senegalia modesta)**

ਬੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ
ਫੁੱਲਾਂ ਬਾਝ ਫੁਲਾਹੀਆਂ।

ਲੋਕ ਬੋਲੀ ਦੀ ਇਹ ਝਲਕ ਬੀਤੇ ਸਮੇਂ ਦੀ ਗੱਲ ਹੋ ਗਈ ਹੈ। ਪਿੰਡਾਂ ਵਿੱਚ ਸਹਿਚਾਰ 'ਤੇ ਮੋਹ ਦੀਆਂ ਤੰਦਾਂ ਘਟਣ ਕਾਰਨ ਲੋਕ ਰੁੱਖਾਂ ਹੇਠ ਥੜ੍ਹਿਆਂ ਉੱਪਰ ਰਲ਼ ਵਕਤ ਗੁਜ਼ਾਰਨ ਨਾਲ਼ੋਂ ਜ਼ਿਆਦਾ ਘਰ ਬੈਠਣ ਨੂੰ ਤਰਜੀਹ ਦੇਣ ਲੱਗੇ ਹਨ। ਪੁਰਾਣੇ ਵੇਲ਼ਿਆਂ ਵਿੱਚ ਨਿੰਮ, ਕਿੱਕਰ ਦੀ ਦਾਤਣ ਵਾਂਗ ਕਈ ਲੋਕ ਫਲਾਹੀ ਦੀ ਦਾਤਣ ਕਰਨਾ ਵੀ ਪਸੰਦ ਕਰਦੇ ਸਨ। ਫਲਾਹੀ ਦੇ ਰੁੱਖ ਦੀ ਜਦ ਗੱਲ ਚਲਦੀ ਹੈ ਤਾਂ ਸਾਡੇ ਸਾਹਮਣੇ ਧਾਰਮਿਕ ਪੱਖ ਵੀ ਉਜਾਗਰ ਹੁੰਦਾ ਹੈ। ਸਿੱਖ ਧਰਮ ਵਿੱਚ ਫਲਾਹੀ ਦਾ ਖ਼ਾਸ ਮਹੱਤਵ ਹੈ। ਗੁਰਦੁਆਰਾ ਫਲਾਹੀ ਸਾਹਿਬ ਪੰਜਾਬ ਦੇ ਲੁਧਿਆਣਾ (ਪਿੰਡ ਦੁਲੇਅ), ਬਠਿੰਡਾ (ਲੱਖੀ ਜੰਗਲ) ਅਤੇ ਕਾਦੀਆਂ ਆਦਿ ਸਥਾਨਾਂ ਤੇ ਵੇਖਣ ਨੂੰ ਮਿਲਦੇ ਹਨ।

ਫਲਾਹੀ ਰੁੱਖ ਦੇ ਮੂਲ ਸਥਾਨਾਂ ਦੀ ਗੱਲ ਕਰੀਏ ਤਾਂ ਪੰਜਾਬ ਤੋਂ ਇਲਾਵਾ ਉੱਤਰ ਪ੍ਰਦੇਸ਼ ਅਤੇ ਗੁਆਂਢੀ ਮੁਲਕ ਪਾਕਿਸਤਾਨ ਤੇ ਅਫ਼ਗਾਨਿਸਤਾਨ ਮੰਨੇ ਜਾਂਦੇ ਹਨ। ਇਹ ਰੁੱਖ ਪੰਜਾਬ ਦੇ ਕੰਢੀ ਖੇਤਰ ਅਤੇ ਖੁਸ਼ਕ ਇਲਾਕਿਆਂ ਵਿੱਚ ਵੇਖਣ ਨੂੰ ਮਿਲਦਾ ਹੈ। 'ਸੇਨਗੇਲੀਆ ਮੌਡੈਸਟਾ' ਦੇ ਵਿਗਿਆਨਕ ਨਾਂ ਵਾਲ਼ਾ ਦਰਮਿਆਨੇ ਕੱਦ ਦਾ ਇਹ ਪੱਤਝੜੀ ਰੁੱਖ ਜਨਵਰੀ ਮਹੀਨੇ ਪੱਤਰਹੀਣ ਹੋ ਜਾਂਦਾ ਹੈ। ਮਾਰਚ ਦੇ ਅਖੀਰ ਤੋਂ ਲੈ ਕੇ ਅਪ੍ਰੈਲ-ਮਈ ਦੇ ਮਹੀਨੇ ਤੱਕ ਛੋਟੇ-ਛੋਟੇ ਸਫ਼ੈਦ ਕ੍ਰੀਮ ਫੁੱਲ ਨਜ਼ਰ ਆਉਂਦੇ ਹਨ ਜੋ ਸਮਾਂ ਪਾ ਕੇ ਚਪਟੀਆਂ ਫ਼ਲੀਆਂ ਵਿੱਚ ਤਬਦੀਲ ਹੋ ਜਾਂਦੇ ਹਨ। ਇਹ ਫ਼ਲੀਆਂ ਕਈ ਮਹੀਨੇ ਰੁੱਖ ਉੱਪਰ ਲਟਕਦੀਆਂ ਨਜ਼ਰ ਆਉਂਦੀਆਂ ਹਨ। ਰੁੱਖ ਦਾ ਸੱਕ ਖੁਰਦਰਾ ਅਤੇ ਵਿੰਗ ਤੜਿੰਗੇ ਕਟਾਵਾਂ ਵਾਲ਼ਾ ਹੁੰਦਾ ਹੈ। ਰੁੱਖ ਦੀਆਂ ਟਾਹਣੀਆਂ ਉੱਪਰ ਗੁਲਾਬ ਦੀ ਤਰ੍ਹਾਂ ਜੋੜਿਆਂ ਵਿੱਚ ਕੰਡੇ ਵੇਖਣ ਨੂੰ ਮਿਲ਼ਦੇ ਹਨ। ਇਨ੍ਹਾਂ ਕੰਡਿਆਂ ਦੀ ਮੌਜੂਦਗੀ ਕਰਕੇ ਪੁਰਾਣੇ ਵੇਲ਼ਿਆਂ ਵਿੱਚ ਫਲਾਹੀ ਤੋਂ ਵਾੜ ਦਾ ਕੰਮ ਵੀ ਲਿਆ ਜਾਂਦਾ ਸੀ।

ਪੁਰਾਣੇ ਸਮਿਆਂ ਵਿੱਚ ਫਲਾਹੀ ਨੂੰ ਬੱਕਰੀਆਂ, ਊਠ ਅਤੇ ਹੋਰਨਾਂ ਜਾਨਵਰਾਂ ਦੇ ਚਾਰੇ ਲਈ ਖ਼ੂਬ ਵਰਤਿਆ ਜਾਂਦਾ ਸੀ। ਫਲਾਹੀ ਦੀ ਲੱਕੜ ਸਖ਼ਤ ਜਾਨ ਹੋਣ ਕਰਕੇ ਲੋਕ ਖੇਤੀ ਸੰਦ, ਘੁਲਾੜੀ, ਖੂਹ ਆਦਿ ਲਈ ਵਰਤਦੇ ਸਨ। ਇਸ ਦੀ ਲੱਕੜ ਬਿਹਤਰੀਨ ਬਾਲਣ ਵੀ ਹੈ ਅਤੇ ਇਸ ਤੋਂ ਕੋਲਾ ਵੀ ਬਣਦਾ ਹੈ। ਫਲਾਹੀ ਦੇ ਤਣੇ ਵਿੱਚੋਂ ਨਿੱਕਲੀ ਗੂੰਦ ਗੁਣਕਾਰੀ ਮੰਨੀ ਜਾਂਦੀ ਹੈ ਜਿਸ ਨੂੰ ਹੋਰਨਾਂ ਇਲਾਕਿਆਂ ਵਿੱਚ 'ਅਮ੍ਰਿੰਤਸਰ ਗਮ' ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਇਸ ਗੂੰਦ ਤੋਂ ਬਣਿਆ ਸ਼ਰਬਤ ਬਹੁਤ ਗੁਣਕਾਰੀ ਮੰਨਿਆ ਜਾਂਦਾ ਹੈ। ਫਲਾਹੀ ਦੇ ਵੈਦਿਕ ਨੁਸਖ਼ਿਆਂ ਵਿੱਚ ਉਪਯੋਗ ਤਹਿਤ ਪੁਰਾਣੇ ਵੇਲ਼ਿਆਂ ਵਿੱਚ ਔਰਤਾਂ ਨੂੰ ਜਣੇਪੇ ਤੋਂ ਬਾਅਦ ਫਲਾਹੀ ਦੀ ਗੂੰਦ, ਕਣਕ, ਬਾਦਾਮ ਅਤੇ ਮੱਖਣ ਦਾ ਮਿਸ਼ਰਣ ਸਰੀਰਕ ਕਮਜ਼ੋਰੀ ਦੂਰ ਕਰਨ ਲਈ ਦਿੱਤਾ ਜਾਂਦਾ ਸੀ। ਇਸ ਤੋਂ ਇਲਾਵਾ ਫਲਾਹੀ ਦੇ ਵੱਖ-ਵੱਖ ਭਾਗਾਂ ਨੂੰ ਅਧਰੰਗ, ਦਸਤ, ਅੰਤੜੀਆਂ, ਕੋਹੜ, ਖੰਘ ਆਦਿ ਅਨੇਕਾਂ ਰੋਗਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ । ਇਸ ਦੇ ਪੱਤਿਆਂ ਵਿੱਚ ਸ਼ੂਗਰ ਘਟਾਉਣ ਵਾਲ਼ੇ ਤੱਤ ਪਾਏ ਗਏ ਹਨ। ਕੁਝ ਸੱਜਣ ਫਲਾਹੀ ਦੇ ਫੁੱਲਾਂ ਤੋਂ ਪ੍ਰਾਪਤ ਸ਼ਹਿਦ ਵਿਸ਼ੇਸ਼ ਤੌਰ ਤੇ ਖਾਣਾ ਪਸੰਦ ਕਰਦੇ ਹਨ। ਇਸ ਨੂੰ ਭੌਂ-ਖੁਰ ਰੋਕਣ ਅਤੇ ਰੇਗਿਸਤਾਨ ਦੇ ਵਾਧੇ ਨੂੰ ਠੱਲ੍ਹ ਪਾਉਣ ਲਈ ਵੀ ਵਰਤਿਆ ਜਾਂਦਾ ਹੈ। ਇਸ ਦੇ ਨਵੇਂ ਰੁੱਖ ਬੀਜ ਤੋਂ ਤਿਆਰ ਕੀਤੇ ਜਾਂਦੇ ਹਨ। ਫਲਾਹੀ ਸਾਡੇ ਉਨ੍ਹਾਂ ਵਿਰਾਸਤੀ ਰੁੱਖਾਂ ਵਿੱਚੋਂ ਇਕ ਹੈ ਜੋ ਦਿਨ-ਬ-ਦਿਨ ਘਟਦੇ ਜਾ ਰਹੇ ਹਨ।

Society for Conservation &
Healing of Environment

# ਬ ਬੋਹੜ

*(Ficus benghalenis)*



# ਬੋਹੜ

**(*Ficus benghalenis*)**

ਬੋਹੜ ਦਿਲਾਂ ਦੀਆਂ ਜਾਣੇ
ਇਹਦੇ ਕੋਲ ਝੂਠ ਨਾ ਬਕੀਂ।

ਬੋਹੜ ਦੀ ਮਨੁੱਖਤਾ ਨਾਲ਼ ਸਾਂਝ ਬੇਹੱਦ ਪੁਰਾਣੀ ਹੈ। ਇਹ ਲਾਜਵਾਬ ਰੁੱਖ ਸਾਡੇ ਮਿਥਿਹਾਸ, ਇਤਿਹਾਸ, ਸਾਹਿਤ 'ਤੇ ਸੱਭਿਆਚਾਰ ਆਦਿ ਹਰ ਪੱਖ 'ਚ ਆਪਣੀ ਹਾਜ਼ਰੀ ਲਵਾਉਂਦਾ ਹੈ। ਬੋਹੜ ਨੂੰ ਪੂਰੇ ਵਿਸ਼ਵ ਵਿੱਚ ਅਨੇਕਾਂ ਹੋਰ ਨਾਵਾਂ ਜਿਵੇਂ ਕਿ ਬਰਗਦ, ਬਰੋਟਾ, ਬੜ, ਵਟ, 'ਬਨੀਆਨ ਟ੍ਰੀ', ਕਲਪਵ੍ਰਿਕਸ਼ ਆਦਿ ਨਾਵਾਂ ਨਾਲ਼ ਵੀ ਜਾਣਿਆ ਜਾਂਦਾ ਹੈ। ਇਸ ਦਾ ਅੰਗ੍ਰੇਜ਼ੀ ਨਾਮ 'ਬਨੀਆ' ਸ਼ਬਦ ਦਾ ਵਿਗੜਿਆ ਰੂਪ ਹੈ। ਪੁਰਾਣੇ ਵੇਲ਼ਿਆਂ ਦੌਰਾਨ ਭਾਰਤ ਤੋਂ ਵਪਾਰ ਲਈ ਖਾੜੀ ਮੁਲਕਾਂ ਵਿੱਚ ਜਾਂਦੇ ਬਾਣੀਏ ਇਸ ਰੁੱਖ ਹੇਠ ਇੱਕਤਰ ਹੁੰਦੇ ਸਨ, ਜਿਸ ਕਰਕੇ ਗੋਰਿਆਂ ਨੇ ਇਸ ਨੂੰ 'ਬਨੀਆਨ ਟ੍ਰੀ' ਆਖਣਾ ਸ਼ੁਰੂ ਕਰ ਦਿੱਤਾ।

ਮਿਥਿਹਾਸ ਦੇ ਪੰਨੇ ਫਰੋਲ਼ਦਿਆਂ ਬੋਹੜ ਦਾ ਸਬੰਧ ਦੇਵੀ ਸਵਿੱਤਰੀ, ਭਗਵਾਨ ਵਿਸ਼ਨੂੰ ਤੇ ਬ੍ਰਹਮਾ ਜੀ ਨਾਲ਼ ਜੁੜਦਾ ਹੈ। ਬੋਹੜ ਵਿੱਚ ਤਿੰਨ ਦੇਵਤਿਆਂ ਦਾ ਵਾਸ ਮੰਨਿਆ ਜਾਂਦਾ ਹੈ ਭਾਵ ਤਣੇ ਨੂੰ ਵਿਸ਼ਨੂੰ, ਜੜ੍ਹਾਂ ਨੂੰ ਬ੍ਰਹਮਾ ਅਤੇ ਟਾਹਣੀਆਂ ਨੂੰ ਸ਼ਿਵ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਬੋਹੜ ਦਾ ਸਬੰਧ ਸਿੱਖ ਇਤਿਹਾਸ ਨਾਲ਼ ਵੀ ਬਾਖ਼ੂਬੀ ਜੁੜਦਾ ਹੈ। ਕਿਸੇ ਸਮੇਂ ਪਟਿਆਲਾ ਸ਼ਹਿਰ ਵਿੱਚ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਸਰੋਵਰ ਕੰਢੇ ਬੋਹੜ ਦਾ ਰੁੱਖ ਮੌਜੂਦ ਸੀ, ਜਿਸ ਹੇਠ ਸ੍ਰੀ ਗੁਰੂ ਤੇਗ ਬਹਾਦਰ ਜੀ ਬਿਰਾਜੇ ਸਨ। ਗੁਰਦੁਆਰਾ ਬਰੋਟਾ ਸਾਹਿਬ ਪੰਜਾਬ ਦੇ ਕਈ ਸਥਾਨਾਂ ਤੇ ਮੌਜੂਦ ਹੈ। ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿੱਚ ਬੋਹੜ ਨੂੰ ਬਟਕ ਵਜੋਂ ਸੰਬੋਧਨ ਕੀਤਾ ਹੈ।

ਬੋਹੜ ਦੀ ਉਮਰ ਲੰਮੇਰੀ ਹੋਣ ਕਰਕੇ ਅਨੇਕਾਂ ਥਾਵਾਂ ਤੇ ਬੇਹੱਦ ਪੁਰਾਤਨ ਰੁੱਖ ਅੱਜ ਵੀ ਮੌਜੂਦ ਹਨ। ਕਲਕੱਤਾ ਦੇ ਬੋਟੈਨੀਕਲ ਗਾਰਡਨ ਵਿੱਚ ਬਹੁਤ ਪੁਰਾਣਾ ਰੁੱਖ ਲੱਗਿਆ ਹੋਇਆ ਹੈ। ਆਂਧਰਾ ਪ੍ਰਦੇਸ਼ ਦੇ ਅਨੰਤਪੁਰ ਜ਼ਿਲ੍ਹੇ ਵਿੱਚ ਪਿੰਡ ਗੋਟੇ ਬਿਆਲੂ ਵਿੱਚ ਤਕਰੀਬਨ 700 ਸਾਲ ਪੁਰਾਣਾ 'ਤੇ ਵਿਸ਼ਾਲ ਰੁੱਖ ਮੌਜੂਦ ਹੈ। ਪੰਜਾਬ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਚੋਲਟੀ ਖੇੜੀ ਵਿੱਚ ਵੀ ਕਾਫ਼ੀ ਪੁਰਾਣਾ 'ਤੇ ਦੋ-ਢਾਈ ਏਕੜ ਵਿੱਚ ਫੈਲਿਆ ਵਿਸ਼ਾਲ ਰੁੱਖ ਮੌਜੂਦ ਹੈ।

ਰਾਸ਼ਟਰੀ ਰੁੱਖ ਵੱਜੋਂ ਜਾਣੇ ਜਾਂਦੇ ਬੋਹੜ ਦਾ ਵਿਗਿਆਨਿਕ ਨਾਂ 'ਫਾਈਕਸ ਬੈਂਗਾਲੈਂਸਿਜ਼' ਹੈ। ਇਸ ਦਾ ਸੱਕ ਸਲੇਟੀ ਰੰਗ ਦਾ ਹੁੰਦਾ ਹੈ ਅਤੇ ਕੱਟ ਲਾਉਣ ਤੇ ਦੂਧੀਆ ਤਰਲ ਨਿਕਲ਼ਦਾ ਹੈ। ਮਾਰਚ-ਅਪ੍ਰੈਲ ਦੇ ਦਿਨੀਂ ਨਵੇਂ ਨਿਕਲ਼ਦੇ ਪੱਤਿਆਂ ਦਾ ਰੰਗ ਲਾਲ-ਗੁਲਾਬੀ 'ਤੇ ਤਾਂਬੇ ਦੀ ਭਾਹ ਮਾਰਦਾ ਬੇਹੱਦ ਖ਼ੂਬਸੂਰਤ ਹੁੰਦਾ ਹੈ। ਪੁਰਾਣੇ ਪੱਤੇ ਸਖ਼ਤ 'ਤੇ ਚਮੜੇਦਾਰ ਜਿਹੇ ਹੋ ਜਾਂਦੇ ਹਨ। ਅਪ੍ਰੈਲ-ਜੂਨ ਦੌਰਾਨ ਰੁੱਖ ਉੱਪਰ ਜੋੜਿਆਂ ਵਿੱਚ ਪਿੱਪਲ ਦੀ ਤਰ੍ਹਾਂ ਗੋਲ੍ਹਾਂ ਲਗਦੀਆਂ ਹਨ ਜਿਨ੍ਹਾਂ ਵਿੱਚ ਫੁੱਲ ਅਤੇ ਫਲ਼ ਪਾਏ ਜਾਂਦੇ ਹਨ। ਪ੍ਰਾਗਣ ਇਕ ਖਾਸ ਕਿਸਮ ਦੇ ਕੀੜੇ ਰਾਹੀਂ ਹੁੰਦਾ ਹੈ। ਉਮਰ ਦੇ ਵਧਣ ਨਾਲ਼ ਵੱਡੇ ਟਾਹਣਿਆਂ ਵਿੱਚੋਂ ਹਵਾਈ ਜੜ੍ਹਾਂ ਲਮਕਣੀਆਂ ਸ਼ੁਰੂ ਹੋ ਜਾਂਦੀਆਂ ਹਨ ਜੋ ਜ਼ਮੀਨ ਵਿੱਚ ਧਸ ਕੇ ਤਣੇ ਵਿੱਚ ਤਬਦੀਲ ਹੋ ਜਾਂਦੀਆਂ ਹਨ। ਹਵਾਈ ਜੜ੍ਹਾਂ ਦਾਤਣ ਲਈ ਵੀ ਵਰਤੀਆਂ ਜਾਂਦੀਆਂ ਹਨ।

ਮੁੱਖ ਰੂਪ ਵਿੱਚ ਪਿੰਡਾਂ ਦੀਆਂ ਸੱਥਾਂ ਵਿੱਚ ਛਾਂ ਵਜੋਂ ਕੰਮ ਆਉਣ ਵਾਲ਼ੇ ਇਸ ਰੁੱਖ ਦੇ ਵੈਦਿਕ ਗੁਣ ਹੋਣ ਸਦਕਾ ਇਸ ਦੇ ਵੱਖ-ਵੱਖ ਭਾਗ ਅਨੇਕਾਂ ਮਨੁੱਖੀ ਬੀਮਾਰੀਆਂ ਦੇ ਇਲਾਜ ਲਈ ਵਰਤੇ ਜਾਂਦੇ ਹਨ ਜਿਸ ਵਿੱਚ ਫਿਨਸੀਆਂ, ਗੰਜਾਪਣ, ਦੰਦ, ਕਫ਼, ਬਵਾਸੀਰ, ਸ਼ੂਗਰ, ਗੁਪਤ ਰੋਗ, ਚਮੜੀ ਰੋਗ, ਬਾਂਝਪਣ, ਜੋੜਾਂ ਦੇ ਰੋਗ ਮੁੱਖ ਹਨ। ਬਜ਼ੁਰਗ ਅੱਜ ਵੀ ਇਸ ਨੂੰ ਦਰਵੇਸ਼ ਰੁੱਖ ਦਾ ਦਰਜਾ ਦਿੰਦੇ ਹਨ।

ਮਾਂ, ਬੋਹੜ ਦੀ ਛਾਂ
ਤੇ ਰੱਬ ਦਾ ਨਾਂ
ਤਿੰਨੇ ਥਿਰਾਂ ਇਕੋ ਜਿਹੀਆਂ।

Society for Conservation & Healing of Environment
ਸੋਚ


ਭ ਭੱਖੜਾ
(Tribulus terrestris)

# ਭੱਖੜਾ

***(Tribulus terrestris)***

ਜਿੰਦਗੀ ਦੀ ਰੋਹੀ ਵਿੱਚ ਨਿੱਤ ਇਓਂ
ਵਧਦੀਆਂ ਜਾਣ ਉਜਾੜਾਂ ਵੇ।
ਜਿਓਂ ਭੱਖੜੇ ਦਾ ਇੱਕ ਫੁੱਲ ਪੱਕ ਕੇ
ਸੂਲ਼ਾਂ ਚਾਰ ਬਣਾਏ ਵੇ।

ਸ਼ਿਵ ਕੁਮਾਰ ਦੀ ਉਪਰੋਕਤ ਰਚਨਾ ਭੱਖੜੇ ਦੇ ਕੰਡਿਆਲੇ ਰੂਪ ਨੂੰ ਬੜੀ ਬਾਖ਼ੂਬੀ ਬਿਆਨਦੀ ਹੈ। ਭੱਖੜਾ ਧਰਤੀ ਤੇ ਫੈਲਣ ਵਾਲ਼ਾ ਕੰਡਿਆਲਾ ਪੌਦਾ ਹੈ ਜਿਸ ਨੂੰ ਜ਼ਿਆਦਾਤਰ ਲੋਕ ਨਦੀਨ ਦੇ ਰੂਪ ਵਿੱਚ ਹੀ ਜਾਣਦੇ ਹਨ। ਯੂਰਪ, ਏਸ਼ੀਆ ਅਤੇ ਅਫ਼ਰੀਕਾ ਦੇ ਗਰਮ ਵਾਤਾਵਰਣ ਇਸ ਦੇ ਮੂਲ ਸਥਾਨ ਮੰਨੇ ਜਾਂਦੇ ਹਨ ਅਤੇ ਖ਼ੁਸ਼ਕ ਮੌਸਮਾਂ ਵਿੱਚ ਇਹ ਖ਼ੂਬ ਵੱਧਦਾ-ਫੁੱਲਦਾ ਹੈ। ਔਸ਼ਧੀ ਭਾਸ਼ਾ ਵਿੱਚ ਇਸ ਨੂੰ ਗੋਖੜੂ ਜਾਂ ਗੋਖਰੂ ਕਿਹਾ ਜਾਂਦਾ ਹੈ ਅਤੇ ਇਸ ਦਾ ਵਿਗਿਆਨਿਕ ਨਾਂ 'ਟ੍ਰਿਬੁਲਸ ਟੈਰੈਸਟ੍ਰਿਸ' ਹੈ। ਇਹ ਖੇਤਾਂ ਜਾਂ ਰਾਹਾਂ-ਪਹੀਆਂ ਵਿੱਚ ਆਪ ਮੁਹਾਰੇ ਉੱਗੀ ਨਿੱਕੀ ਜਿਹੀ ਵੇਲ ਦੇ ਰੂਪ ਵਿੱਚ ਹੁੰਦਾ ਹੈ। ਇਸ ਦੀਆਂ ਟਾਹਣੀਆਂ ਚਾਰ ਤੋਂ ਸੱਤ ਦੇ ਜੋੜਿਆਂ ਵਿੱਚ ਹੁੰਦੀਆਂ ਹਨ, ਜਿਨ੍ਹਾਂ ਦੀ ਲੰਬਾਈ 2-3 ਫੁੱਟ ਤੱਕ ਹੁੰਦੀ ਹੈ। ਅਪ੍ਰੈਲ ਤੋਂ ਅਕਤੂਬਰ ਮਹੀਨਿਆਂ ਦੌਰਾਨ ਇਸ ਨੂੰ ਛੋਟੇ-ਛੋਟੇ ਪੀਲ਼ੇ ਰੰਗ ਦੇ ਫੁੱਲ ਲਗਦੇ ਹਨ ਜੋ ਸਮਾਂ ਪਾ ਕੇ ਦੋ ਤੋਂ ਚਾਰ ਕੰਡਿਆਂ ਵਾਲ਼ੇ ਫਲ਼ਾਂ ਵਿੱਚ ਤਬਦੀਲ ਹੋ ਜਾਂਦੇ ਹਨ। ਫਲ਼ਾਂ ਵਿੱਚ ਅਨੇਕ ਬੀਜ ਮੌਜੂਦ ਹੁੰਦੇ ਹਨ ਅਤੇ ਭੱਖੜੇ ਦਾ ਨੰਗੇ ਪੈਰੀਂ ਚੁਭਣਾ ਚੀਕ ਕਢਾ ਦਿੰਦਾ ਹੈ। ਭੱਖੜੇ ਦੇ ਕੰਡੇ ਬਹੁਤ ਸਖ਼ਤ ਹੁੰਦੇ ਹਨ ਅਤੇ ਰਬੜ ਦੇ ਟਾਇਰਾਂ ਨੂੰ ਪੈਂਚਰ ਕਰ ਸਕਦੇ ਹਨ ਜਿਸ ਕਾਰਨ ਇਸ ਦਾ ਅੰਗ੍ਰੇਜ਼ੀ ਨਾਮ 'ਪੰਚਰ ਵਾਈਨ' ਰੱਖਿਆ ਗਿਆ ਹੈ। ਇਸ ਦੀਆਂ ਜੜ੍ਹਾਂ ਰੇਸ਼ੇਦਾਰ, ਖ਼ੁਸ਼ਬੂਦਾਰ, ਭੂਰੇ ਰੰਗ ਦੀਆਂ ਹੁੰਦੀਆਂ ਹਨ।

ਵਿਸ਼ਵ ਦੇ ਕਈ ਹਿੱਸਿਆਂ ਵਿੱਚ ਭੱਖੜੇ ਨੂੰ ਬੇਹੱਦ ਹਾਨੀਕਾਰਕ ਨਦੀਨ ਐਲਾਨਿਆ ਗਿਆ ਹੈ ਅਤੇ ਇਸ ਨੂੰ ਖ਼ਤਮ ਕਰਨ ਲਈ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ। ਕੁੱਝ ਇਲਾਕਿਆਂ ਵਿੱਚ ਇਸ ਦੇ ਪੱਤਿਆਂ ਅਤੇ ਕਰੂੰਬਲਾਂ ਨੂੰ ਖਾਣ ਲਈ ਵੀ ਵਰਤਿਆ ਜਾਂਦਾ ਹੈ। ਜ਼ਿਆਦਾਤਰ ਲੋਕਾਂ ਲਈ ਨਦੀਨ ਰੂਪੀ ਇਹ ਪੌਦਾ ਆਪਣੇ ਵਿੱਚ ਬਹੁਤ ਸਾਰੇ ਵੈਦਿਕ ਗੁਣ ਸਮੋਈ ਬੈਠਾ ਹੈ। ਚੀਨੀ ਇਲਾਜ ਪ੍ਰਣਾਲੀ ਅਤੇ ਅਯੁਰਵੈਦਿਕ ਪ੍ਰਣਾਲੀ ਵਿੱਚ ਇਸ ਦੀ ਵਰਤੋਂ ਪੁਰਾਤਨ ਵੇਲ਼ਿਆਂ ਤੋਂ ਕੀਤੀ ਜਾਂਦੀ ਰਹੀ ਹੈ। ਗੁਰਦੇ ਦੀਆਂ ਸਮੱਸਿਆਵਾਂ ਜਿਵੇਂ ਕਿ ਗੁਰਦੇ 'ਚ ਪੱਥਰੀ, ਦਰਦਨਾਕ ਪਿਸ਼ਾਬ ਰੋਗ ਅਤੇ ਪਿਸ਼ਾਬ ਵਰਧਕ ਵਜੋਂ ਵੀ ਰੋਗੀਆਂ ਨੂੰ ਦਿੱਤਾ ਜਾਂਦਾ ਹੈ।

ਪੁਰਸ਼ਾਂ ਦੀਆਂ ਗੰਭੀਰ ਸਮੱਸਿਆਵਾਂ ਲਈ ਵੈਦ ਇਸ ਨੂੰ ਰਾਮਬਾਣ ਮੰਨਦੇ ਹਨ। ਔਰਤਾਂ ਦੀਆਂ ਗਰਭਪਾਤ ਅਤੇ ਬੱਚੇਦਾਨੀ ਨਾਲ਼ ਸਬੰਧੀ ਸਮੱਸਿਆਵਾਂ ਵਿੱਚ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਭੱਖੜਾ ਅਨੇਕਾਂ ਹੋਰ ਮਨੁੱਖੀ ਬੀਮਾਰੀਆਂ ਜਿਵੇਂ ਕਿ ਉੱਚ-ਬਲੱਡ ਪ੍ਰੈਸ਼ਰ, ਉੱਚ ਕੋਲੈਸਟ੍ਰੌਲ, ਕਬਜ਼, ਪੇਟ ਰੋਗ, ਕੈਂਸਰ, ਗਠੀਆ, ਥਕਾਵਟ ਆਦਿ ਦੇ ਇਲਾਜ ਲਈ ਵੀ ਵਰਤਿਆ ਜਾਂਦਾ ਹੈ। ਵਧੇਰੇ ਮਾਤਰਾ ਵਿੱਚ ਲਿਆ ਗਿਆ ਭੱਖੜਾ ਜਿਗਰ, ਗੁਰਦੇ ਅਤੇ ਨਾੜੀ ਤੰਤਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਇਸ ਦੀ ਵਰਤੋਂ ਆਯੁਰਵੇਦ ਦੇ ਮਾਹਰ ਦੀ ਨਿਗਰਾਨੀ ਹੇਠ ਹੀ ਕਰਨੀ ਚਾਹੀਦੀ ਹੈ।

Society for Conservation & Healing of Environment ਸੋਚ

# ਮ ਮਹਿੰਦੀ

*(Lawsonia inermis)*







# ਮਹਿੰਦੀ

## (Lawsonia inermis)

ਮਹਿੰਦੀ ਅਤੇ ਮਨੁੱਖ ਦਾ ਸਬੰਧ ਕਾਂਸੀ ਯੁੱਗ ਵੇਲੇ ਦਾ ਹੈ। ਬਾਈਬਲ ਵਿੱਚ ਮਹਿੰਦੀ ਦਾ ਜ਼ਿਕਰ ਹੈ, ਹਿੰਦੂ ਮਿਥਿਹਾਸ ਵਿੱਚ ਪਾਰਵਤੀ ਦਾ ਮਹਿੰਦੀ ਨਾਲ਼ ਸਜਣਾ ਦੱਸਿਆ ਗਿਆ ਹੈ। ਪੁਰਾਤਨ ਮਿਸਰ ਵਿੱਚ ਪੰਜ ਹਜ਼ਾਰ ਸਾਲ ਤੋਂ ਵੀ ਪੁਰਾਣੀਆਂ ਮੱਮੀਆਂ ਭਾਵ ਪੁਰਾਤਨ ਲਾਸ਼ਾਂ ਤੋਂ ਮਿਲ਼ੇ ਮਹਿੰਦੀ ਦੇ ਤੱਤ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਹਜ਼ਾਰਾਂ ਸਾਲਾਂ ਤੋਂ ਮੁਟਿਆਰਾਂ-ਔਰਤਾਂ, ਆਦਮੀ ਆਪਣੇ ਸਜਣ-ਸੰਵਰਣ ਲਈ ਮਹਿੰਦੀ ਵਰਤਦੇ ਆ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਹਿੰਦੀ ਦਾ ਜ਼ਿਕਰ ਵੇਖਣ ਨੂੰ ਮਿਲ਼ਦਾ ਹੈ। ਸ੍ਰੀ ਗੁਰੂ ਰਾਮ ਦਾਸ ਜੀ ਨੇ ਫ਼ਰਮਾਇਆ ਹੈ:-

ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ
ਆਪੇ ਘੋਲਿ ਘੋਲਿ ਅੰਗਿ ਲਈਆ॥

'ਮਹਿੰਦੀ' ਹਿੰਦੀ ਭਾਸ਼ਾ ਦਾ ਸ਼ਬਦ ਹੈ ਅਤੇ 'ਹਿਨਾ' ਅਰਬੀ ਭਾਸ਼ਾ ਦਾ ਸ਼ਬਦ ਹੈ। ਮਹਿੰਦੀ ਦਾ ਵਿਗਿਆਨਿਕ ਨਾਂ 'ਲੌਸੋਨੀਆ ਇਨਰਮਿਸ' ਹੈ ਅਤੇ ਇਹ ਪੌਦਾ ਸੰਪੂਰਨ ਰੁੱਖ ਨਾ ਹੋ ਕੇ ਦਰਮਿਆਨੇ ਕੱਦ ਦੀ ਝਾੜੀ ਹੈ ਜੋ ਕਾਫ਼ੀ ਪੁਰਾਣੀ ਹੋ ਕੇ ਛੋਟੇ ਜਿਹੇ ਰੁੱਖ ਦਾ ਰੂਪ ਅਖ਼ਤਿਆਰ ਕਰ ਲੈਂਦੀ ਹੈ। ਖ਼ੁਸ਼ਕ ਇਲਾਕਿਆਂ ਨੂੰ ਪਸੰਦ ਕਰਨ ਵਾਲ਼ਾ ਇਹ ਬੂਟਾ ਭਾਰਤ ਦੇ ਅਨੇਕਾਂ ਸੂਬਿਆਂ ਜਿਵੇਂ ਕਿ ਪੰਜਾਬ, ਮੱਧ ਪ੍ਰਦੇਸ਼, ਗੁਜਰਾਤ ਅਤੇ ਰਾਜਸਥਾਨ ਆਦਿ ਵਿੱਚ ਵੇਖਣ ਨੂੰ ਮਿਲਦਾ ਹੈ। ਰਾਜਸਥਾਨ ਦੇ ਕੁਝ ਖ਼ਿੱਤਿਆਂ ਵਿੱਚ ਮਹਿੰਦੀ ਦੀ ਖੇਤੀ ਵਪਾਰਕ ਪੱਧਰ ਤੇ ਵੀ ਕੀਤੀ ਜਾਂਦੀ ਹੈ।

ਮਹਿੰਦੀ ਦੇ ਪੱਤੇ ਨਿੱਕੇ-ਨਿੱਕੇ ਪਰ ਲੰਬੇ ਅਤੇ ਨੁਕੀਲੇ ਹੁੰਦੇ ਹਨ। ਮਹਿੰਦੀ ਦੇ ਫੁੱਲਾਂ ਦਾ ਰੰਗ ਸਫ਼ੈਦ, ਹਲਕਾ ਪੀਲ਼ਾ ਜਾਂ ਲਾਲ-ਗੁਲਾਬੀ ਭਾਹ ਵਾਲ਼ਾ ਹੁੰਦਾ ਹੈ ਅਤੇ ਇਸ ਦੇ ਫੁੱਲ ਬਕੈਣ ਦੇ ਫੁੱਲਾਂ ਦੀ ਤਰ੍ਹਾਂ ਗੁੱਛਿਆਂ ਵਿੱਚ ਵੇਖਣ ਨੂੰ ਮਿਲਦੇ ਹਨ। ਮਹਿੰਦੀ ਦੇ ਫੁੱਲਾਂ ਦੀ ਮਹਿਕ ਦੂਰੋਂ ਪਛਾਣੀ ਜਾਂਦੀ ਹੈ ਤੇ ਪਹਿਲਾਂ ਲੋਕ ਇਸ ਤੋਂ ਇਤਰ ਵੀ ਤਿਆਰ ਕਰਦੇ ਸਨ। ਫੁੱਲ ਸਮਾਂ ਪਾ ਕੇ ਮਟਰ ਦੇ ਦਾਣਿਆਂ ਜਿਹੇ ਆਕਾਰ ਦੇ ਫਲ਼ਾਂ ਵਿੱਚ ਤਬਦੀਲ ਹੋ ਜਾਂਦੇ ਹਨ, ਜਿਨ੍ਹਾਂ ਵਿੱਚੋਂ ਪੱਕਣ ਉਪਰੰਤ ਬੀਜ ਪ੍ਰਾਪਤ ਕੀਤੇ ਜਾਂਦੇ ਹਨ।

ਕੁੱਝ ਸਮਾਂ ਪਹਿਲਾਂ ਤੱਕ ਔਰਤਾਂ ਇਸ ਦੇ ਹਰੇ ਪੱਤਿਆਂ ਨੂੰ ਪੀਸ ਕੇ ਗਾੜ੍ਹਾ ਘੋਲ ਤਿਆਰ ਕਰਕੇ ਹੱਥਾਂ ਦੀਆਂ ਤਲ਼ੀਆਂ ਤੇ ਲਾਉਂਦੀਆਂ ਸਨ। ਅਜੋਕੀ ਮਹਿੰਦੀ ਰਸਾਇਣਿਕ ਪਦਾਰਥਾਂ ਵਿੱਚ ਘੁਲ਼ ਗਈ ਹੈ। ਜਾਣਕਾਰ ਲੋਕ ਅੱਜ ਵੀ ਮਹਿੰਦੀ ਨੂੰ ਵਾਲ਼ਾਂ, ਹੱਥਾਂ-ਪੈਰਾਂ, ਦਾੜ੍ਹੀ, ਨਹੁੰਆਂ ਨੂੰ ਰੰਗਣ ਲਈ ਵਰਤਦੇ ਹਨ। ਇਸ ਤੋਂ ਇਲਾਵਾ ਕੁਝ ਲੋਕ ਤਾਂ ਜਾਨਵਰਾਂ ਦੀਆਂ ਪੂਛਾਂ ਅਤੇ ਹੋਰ ਅੰਗਾਂ ਨੂੰ ਮਹਿੰਦੀ ਨਾਲ਼ ਰੰਗਣ ਵਿੱਚ ਮੁਹਾਰਤ ਰੱਖਦੇ ਹਨ। ਕੱਥੇ ਨਾਲ਼ ਮਿਲ਼ਾ ਕੇ ਮਹਿੰਦੀ ਜ਼ਿਆਦਾ ਗੂੜ੍ਹਾ ਰੰਗ ਦਿੰਦੀ ਹੈ। ਕਈ ਸੱਜਣ ਮਹਿੰਦੀ ਦੇ ਪੱਤਿਆਂ ਦਾ ਰਸ ਸੂਤੀ ਕੱਪੜੇ ਰੰਗਣ ਲਈ ਵੀ ਵਰਤਦੇ ਹਨ।

ਆਯੁਰਵੈਦਿਕ ਪ੍ਰਣਾਲੀ ਵਿੱਚ ਇਸ ਦਾ ਸੁਭਾਅ ਠੰਡਾ, ਤਿੱਖਾ, ਕੌੜਾ, ਖ਼ੁਸ਼ਕ ਤੇ ਹਲਕਾ ਮੰਨਿਆ ਜਾਂਦਾ ਹੈ। ਮਹਿੰਦੀ ਦੇ ਵੱਖ-ਵੱਖ ਭਾਗ ਅਨੇਕਾਂ ਮਨੁੱਖੀ ਬੀਮਾਰੀਆਂ ਦੇ ਇਲਾਜ ਲਈ ਵਰਤੇ ਜਾਂਦੇ ਨੁਸਖ਼ਿਆਂ ਵਿੱਚ ਵੀ ਉਪਯੋਗ ਕੀਤੇ ਜਾਂਦੇ ਹਨ। ਚਮੜੀ ਰੋਗ, ਜਲ਼ੀ ਹੋਈ ਥਾਂ, ਛਾਲਿਆਂ ਆਦਿ ਤੇ ਲੇਪ ਕਰਨ ਤੋਂ ਇਲਾਵਾ ਪੱਤੇ ਪੀਸ ਕੇ ਮੱਥੇ ਉੱਪਰ ਲਾਉਣ ਨਾਲ਼ ਸਿਰ ਦਰਦ ਤੋਂ ਰਾਹਤ ਮਹਿਸੂਸ ਕੀਤੀ ਜਾਂਦੀ ਹੈ। ਟੀ.ਬੀ., ਬੁਖ਼ਾਰ, ਗਰਮੀ, ਗੁਪਤ ਰੋਗ, ਦਸਤ ਰੋਗ, ਪੀਲ਼ੀਆ, ਕੋਹੜ, ਝਰੀਟਾਂ, ਜ਼ਖ਼ਮਾਂ-ਨਾਸੂਰਾਂ ਆਦਿ ਲਈ ਮਹਿੰਦੀ ਦੀ ਖ਼ੂਬ ਵਰਤੋਂ ਕੀਤੀ ਜਾਂਦੀ ਰਹੀ ਹੈ। ਮੂੰਹ ਦੇ ਰੋਗਾਂ ਦੇ ਇਲਾਜ ਲਈ ਮਹਿੰਦੀ ਦੇ ਕਾੜ੍ਹੇ ਨਾਲ਼ ਕੁਰਲੀ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਦਿਲ ਦੇ ਰੋਗਾਂ ਲਈ ਫੁੱਲਾਂ ਦੇ ਕਾੜ੍ਹੇ ਨੂੰ ਵਰਤਿਆ ਜਾਂਦਾ ਰਿਹਾ ਹੈ।

ਮਹਿੰਦੀ ਦੇ ਸ਼ਿੰਗਾਰ ਬਿਨਾਂ ਵਹੁਟੀ ਦਾ ਸਜਣਾ ਅਧੂਰਾ ਗਿਣਿਆ ਜਾਂਦਾ ਹੈ ਅਤੇ ਮੁਟਿਆਰਾਂ ਨੂੰ ਮਹਿੰਦੀ ਲਾਉਣ ਦਾ ਚਾਅ ਛੋਟੀ ਉਮਰ ਤੋਂ ਹੀ ਡੁੱਲ੍ਹ-ਡੁੱਲ੍ਹ ਪੈਂਦਾ ਹੈ ਜਿਸ ਦੀ ਗਵਾਹੀ ਸਾਡੀਆਂ ਲੋਕ ਬੋਲੀਆਂ ਬਾਖ਼ੂਬੀ ਭਰਦੀਆਂ ਹਨ:-

ਨੀ ਲੈ ਦੇ ਮਾਏ, ਕਾਲਿਆਂ ਬਾਗਾਂ ਦੀ ਮਹਿੰਦੀ।
ਗਲ਼ੀ ਗਲ਼ੀ ਮੈਂ ਪੱਤਰ ਚੁਣਦੀ, ਪੱਤਰ ਚੁਣਦੀ ਰਹਿੰਦੀ।
ਮਹਿੰਦੀ ਦਾ ਰੰਗ ਸੂਹਾ ਤੇ ਸਾਵਾ, ਸੋਹਣੀ ਬਣ ਬਣ ਪੈਂਦੀ।
ਘੋਲ ਮਹਿੰਦੀ ਮੈਂ ਹੱਥਾਂ 'ਤੇ ਲਾਈ, ਵਹੁਟੀ ਬਣ ਬਣ ਬਹਿੰਦੀ।


ਯ
ਯਾਸਮੀਨ
(Jasminum sambac)

# ਯਾਸਮੀਨ
## (*Jasminum sambac*)

ਅੰਗਰੇਜ਼ੀ ਭਾਸ਼ਾ ਦਾ ਸ਼ਬਦ ਝਓਸਮਨਿਏ, ਦਰਅਸਲ ਫ਼ਾਰਸੀ ਭਾਸ਼ਾ ਦੇ ਸ਼ਬਦ 'ਯਾਸਮੀਨ' ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ 'ਪ੍ਰਭੂ ਦੀ ਦਾਤ'। ਜਦ ਵੀ ਬਿਹਤਰੀਨ ਮਹਿਕ ਵਾਲ਼ੇ ਫੁੱਲਾਂ ਦੀ ਗੱਲ ਚਲਦੀ ਹੈ ਤਾਂ ਯਾਸਮੀਨ ਪ੍ਰਜਾਤੀ ਨਾਲ਼ ਸਬੰਧਤ ਫੁੱਲਾਂ ਮੋਤੀਆ, ਮੋਗਰਾ, ਚਮੇਲੀ, ਡੇਲਾ, ਬੇਲਾ ਆਦਿ ਦਾ ਨਾਂ ਮੂਹਰਲੀ ਕਤਾਰ ਵਿੱਚ ਆਉਂਦਾ ਹੈ। ਪੂਰੇ ਵਿਸ਼ਵ ਵਿੱਚ ਤਕਰੀਬਨ 200 ਦੇ ਕਰੀਬ ਯਾਸਮੀਨ ਦੀਆਂ ਕਿਸਮਾਂ ਵੇਖਣ ਨੂੰ ਮਿਲ਼ਦੀਆਂ ਹਨ। ਚੀਨ ਲਈ ਯਾਸਮੀਨ ਨਾਰੀ, ਕ੍ਰਿਪਾ, ਦੌਲਤ ਅਤੇ ਰੋਮਾਂਚ ਨੂੰ ਆਕਰਸ਼ਿਤ ਕਰਨ ਦਾ ਇੱਕ ਸਾਧਨ ਹੈ। ਥਾਈਲੈਂਡ ਵਿੱਚ ਇਹ ਮਮਤਾ ਦਾ ਪ੍ਰਤੀਕ ਹੈ। ਭਾਰਤ ਵਿੱਚ ਇਸ ਨੂੰ ਅਨੇਕਾਂ ਧਾਰਮਿਕ ਰਹੁ-ਰੀਤਾਂ ਵਿੱਚ ਵਰਤਣ ਤੋਂ ਇਲਾਵਾ ਪਿਆਰ, ਖ਼ੂਬਸੂਰਤੀ, ਸ਼ੁੱਧਤਾ, ਚੰਗੀ ਕਿਸਮਤ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਇਸ ਦੀ ਮਿੱਠੀ ਖ਼ੁਸ਼ਬੂ 'ਤੇ ਸੁੰਦਰ ਦਿੱਖ ਨੂੰ ਸਕਾਰਾਤਮਕਤਾ, ਸੰਵੇਦਨਸ਼ੀਲਤਾ ਅਤੇ ਮੋਹ ਦੇ ਪ੍ਰਤੀਕ ਵਜੋਂ ਵੇਖਿਆ ਜਾਂਦਾ ਹੈ।

ਯਾਸਮੀਨ ਦੀਆਂ ਜ਼ਿਆਦਾਤਰ ਕਿਸਮਾਂ ਝਾੜੀਨੁਮਾ ਵੇਲਾਂ ਹਨ ਜੋ ਆਸਰਾ ਮਿਲ਼ਣ ਤੇ ਥੋੜੀਆਂ ਉੱਚੀਆਂ ਹੁੰਦੀਆਂ ਹਨ। ਹਿਮਾਲਿਆ ਦਾ ਦੱਖਣੀ ਖੇਤਰ ਇਸ ਦਾ ਮੂਲ ਸਥਾਨ ਮੰਨਿਆ ਜਾਂਦਾ ਹੈ। ਇਹ ਪੌਦੇ ਗਰਮ ਅਤੇ ਖ਼ੁਸ਼ਕ ਇਲਾਕਿਆਂ ਵਿੱਚ ਵੀ ਫੁੱਲ ਦਿੰਦੇ ਹਨ। ਵਿਗਿਆਨਿਕ ਤੌਰ ਤੇ 'ਜੈਸਮੀਨਮ ਸੈਂਬੈਕ' ਨਾਮ ਵਾਲ਼ੀ ਕਿਸਮ, ਜਿਸ ਨੂੰ ਮੋਤੀਆਂ ਜਾਂ ਮੋਗਰਾ ਕਿਹਾ ਜਾਂਦਾ ਹੈ, ਸਾਡੇ ਆਸ-ਪਾਸ ਜ਼ਿਆਦਾ ਵਿਖਾਈ ਦਿੰਦੀ ਹੈ। ਤਕਰੀਬਨ 8-10 ਫੁੱਟ ਤੱਕ ਦੀ ਉਚਾਈ ਤੱਕ ਪਹੁੰਚ ਸਕਣ ਵਾਲ਼ੇ ਇਸ ਪੌਦੇ ਨੂੰ ਸਫ਼ੈਦ ਰੰਗ ਦੇ ਫੁੱਲ ਪੈਂਦੇ ਹਨ ਜੋ ਬੇਹੱਦ ਮਹਿਕਦਾਰ ਹੁੰਦੇ ਹਨ। ਇਸ ਦੇ ਫੁੱਲ ਦੇਰ ਰਾਤ ਨੂੰ ਖਿੜਦੇ ਹਨ ਅਤੇ ਅਗਲੇ ਦਿਨ ਧੁੱਪ ਚੜ੍ਹਨ ਤੱਕ ਇਸ ਦੀ ਮਹਿਕ ਉਡ ਜਾਂਦੀ ਹੈ। ਇਸ ਲਈ ਵਪਾਰਿਕ ਖੇਤੀ ਕਰਨ ਵਾਲ਼ੇ ਤੜਕਸਾਰ ਹੀ ਡੋਡੀਆਂ ਦੀ ਤੁੜਾਈ ਕਰ ਲੈਂਦੇ ਹਨ। ਇਹ ਹਸੀਨ ਫੁੱਲ ਇੰਡੋਨੇਸ਼ੀਆ ਅਤੇ ਫ਼ਿਲਪਾਈਨ ਦਾ ਰਾਸ਼ਟਰੀ ਫੁੱਲ ਹੈ। ਯਾਸਮੀਨ ਦੇ ਫੁੱਲਾਂ ਦੀਆਂ ਕਿਸਮਾਂ ਨੂੰ ਵਿਸ਼ਵ ਦੇ ਵੱਖ-ਵੱਖ ਭਾਗਾਂ ਵਿੱਚ ਔਰਤਾਂ ਆਪਣੇ ਸਜਣ-ਸੰਵਰਣ ਵਿੱਚ ਅਨੇਕਾਂ ਤਰੀਕਿਆਂ ਨਾਲ਼ ਵਰਤਦੀਆਂ ਹਨ। ਭਾਰਤ ਵਿੱਚ ਇਸ ਦੇ ਫੁਲਾਂ ਦੀਆਂ ਲੜੀਆਂ ਵਾਲ਼ਾਂ ਵਿੱਚ ਗੁੰਦੀਆਂ ਜਾਂਦੀਆਂ ਹਨ, ਗਜਰੇ ਬਣਾ ਕੇ ਜੂੜੇ ਜਾਂ ਵੀਣੀ 'ਤੇ ਸਜਾਈਆਂ ਜਾਂਦੀਆਂ ਹਨ ਅਤੇ ਸਿਹਰਾ ਬਣਾਉਣ ਲਈ ਵੀ ਵਰਤੀਆਂ ਜਾਂਦੀਆਂ ਹਨ।

ਯਾਸਮੀਨ ਦੇ ਮਨਮੋਹਕ ਫੁੱਲ ਅਰੋਮਾ-ਥੈਰੇਪੀ ਵਿੱਚ ਵਰਤੇ ਜਾਂਦੇ ਹਨ। ਫਰਾਂਸ ਅਤੇ ਹੋਰਨਾਂ ਕਈ ਦੇਸ਼ਾਂ ਵਿੱਚ ਇੰਨ੍ਹਾਂ ਤੋਂ ਇਤਰ ਤਿਆਰ ਕੀਤਾ ਜਾਂਦਾ ਹੈ। ਮੋਮਬੱਤੀਆਂ ਅਤੇ ਧੂਫਾਂ ਵਿੱਚ ਖ਼ੂਬ ਵਰਤਿਆ ਜਾਂਦਾ ਹੈ। ਇਨ੍ਹਾਂ ਨੂੰ ਤਣਾਅ ਤੋਂ ਮੁਕਤੀ, ਹਵਾ ਨੂੰ ਸ਼ੁੱਧ ਕਰਨ, ਚਮੜੀ ਅਤੇ ਵਾਲ਼ਾਂ ਲਈ ਸ਼ੈਂਪੂ, ਸਾਬਣ, ਲੋਸ਼ਣ ਆਦਿ ਉਤਪਾਦ ਬਣਾਉਣ ਲਈ ਵਰਤਿਆ ਜਾਂਦਾ ਹੈ। ਚੀਨ ਵਿੱਚ 'ਯਾਸਮੀਨ ਟੀ' ਭਾਵ ਇਸ ਦੇ ਫੁੱਲਾਂ ਤੋਂ ਬਣੀ ਚਾਹ ਪੀਣ ਦਾ ਰਿਵਾਜ ਬਹੁਤ ਪੁਰਾਣਾ ਹੈ।

ਯਾਸਮੀਨ ਦੀਆਂ ਕਾਸ਼ਤ ਅਧੀਨ ਕਿਸਮਾਂ ਦਾ ਬੀਜ ਨਹੀਂ ਬਣਦਾ ਅਤੇ ਇਸ ਦੇ ਨਵੇਂ ਪੌਦੇ ਕਲਮ ਰਾਹੀਂ ਜਾਂ ਗੁਟੀ ਬੰਨ੍ਹ ਕੇ ਤਿਆਰ ਕੀਤੇ ਜਾਂਦੇ ਹਨ। ਵੈਦਿਕ ਗੁਣਾਂ ਦੀ ਗੱਲ ਕਰੀਏ ਤਾਂ ਇਹਨਾਂ ਦੀ ਵਰਤੋਂ ਜਿਗਰ, ਗੰਭੀਰ ਦਸਤ, ਪੇਟ ਦੀਆਂ ਬੀਮਾਰੀਆਂ, ਦਿਲ ਦੇ ਰੋਗ, ਕੈਂਸਰ, ਜਿਨਸੀ ਇੱਛਾ, ਹਾਰਮੋਨ ਪੱਧਰ ਆਦਿ ਦੇ ਸੰਦਰਭ ਵਿੱਚ ਖ਼ੂਬ ਕੀਤੀ ਜਾਂਦੀ ਹੈ। ਖ਼ੂਬਸੂਰਤ ਦਿੱਖ 'ਤੇ ਮਹਿਕਾਂ ਦੇ ਨਾਲ਼-ਨਾਲ਼ ਜੋ ਫੁੱਲ ਤੁਹਾਡੇ ਮਨ ਤੱਕ ਨੂੰ ਸਕੂਨ ਦੇਣ ਦੀ ਖ਼ਾਸੀਅਤ ਰੱਖਦੇ ਹੋਣ, ਉਹ ਆਸ-ਪਾਸ ਜ਼ਰੂਰ ਲਾਉਣੇ ਚਾਹੀਦੇ ਹਨ।

Society for Conservation &
Healing of Environment
ਸੋਚ

# ਰ ਰਹੂੜਾ

*(Tecomella undulata)*



# ਰਹੂੜਾ

**(*Tecomella undulata*)**

ਰਹੂੜਾ, ਲਹੂੜਾ, ਲਹਾੜੂ, ਰੋਹੀੜਾ ਆਦਿ ਨਾਵਾਂ ਨਾਲ਼ ਜਾਣਿਆ ਜਾਂਦਾ ਪੰਜਾਬ ਦਾ ਇਹ ਵਿਰਾਸਤੀ ਰੁੱਖ ਕਦੇ ਰੇਤਲੇ ਟਿੱਬਿਆਂ ਖ਼ਾਸਕਰ ਮਾਲਵੇ ਦੇ ਪਿੰਡਾਂ ਵਿੱਚ ਆਪਣੀ ਹਸੀਨ ਫੁੱਲਾਂ ਵਾਲ਼ੀ ਦਿੱਖ ਨਾਲ਼ ਖ਼ੂਬ ਹਾਜ਼ਰੀ ਲਵਾਉਂਦਾ ਸੀ। ਪਰ ਅਫਸੋਸ ਅੱਜ ਇਹ ਬਿਹਤਰੀਨ ਰੁੱਖ ਲੋਪ ਹੋ ਰਹੇ ਰੁੱਖਾਂ ਦੀ ਸ਼੍ਰੇਣੀ ਵਿੱਚ ਸਭ ਤੋਂ ਮੂਹਰੇ ਆਣ ਖੜ੍ਹਾ ਹੈ। 'ਟੀਕੋਮੈਲਾ ਅਨਡਿਊਲੇਟਾ' ਦੇ ਵਿਗਿਆਨਿਕ ਨਾਂ ਨਾਲ਼ ਜਾਣਿਆ ਜਾਂਦਾ ਇਹ ਰੁੱਖ ਪੰਜਾਬ ਤੋਂ ਇਲਾਵਾ ਰਾਜਸਥਾਨ ਅਤੇ ਹਰਿਆਣਾ ਵਰਗੇ ਸੂਬਿਆਂ ਅਤੇ ਆਪਣੇ ਗੁਆਂਢੀ ਮੁਲਕ ਪਾਕਿਸਤਾਨ ਦੇ ਸਿੰਧ ਅਤੇ ਬਲੋਚਿਸਤਾਨ ਦੇ ਰੇਤਲੇ ਇਲਾਕਿਆਂ ਵਿੱਚ ਵੇਖਣ ਨੂੰ ਮਿਲ਼ਦਾ ਹੈ। ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ਼ ਸਬੰਧਿਤ ਗੁਰਦੁਆਰਾ 'ਸ੍ਰੀ ਲਹੂੜਾ ਸਾਹਿਬ' ਪਾਕਿਸਤਾਨ ਵਿੱਚ ਸਥਿਤ ਹੈ, ਜਿੱਥੇ ਉਨ੍ਹਾਂ ਵੇਲ਼ਿਆਂ ਵਿੱਚ ਲਹੂੜੇ ਦਾ ਦਰਖ਼ਤ ਸੀ ਅਤੇ ਗੁਰੂ ਸਾਹਿਬ ਉਸ ਹੇਠ ਬਿਰਾਜੇ ਸਨ।

ਸ੍ਰੀ ਮੁਕਤਸਰ ਸਾਹਿਬ ਕੋਲ਼ ਪਿੰਡ ਰਹੂੜਿਆਂ ਵਾਲ਼ੀ ਹੈ, ਜਿਸ ਦਾ ਨਾਂ ਇਸੇ ਰੁੱਖ ਤੋਂ ਪਿਆ ਸੀ, ਉਹ ਗੱਲ ਹੋਰ ਹੈ ਕਿ ਅੱਜ ਉਸ ਪਿੰਡ ਵਿੱਚ ਰਹੂੜੇ ਦਾ ਰੁੱਖ ਵੇਖਣ ਨੂੰ ਵੀ ਨਹੀਂ ਮਿਲ਼ਦਾ। ਰੇਤਲੀਆਂ ਤੇ ਚੰਗੇ ਜਲ ਨਿਕਾਸ ਵਾਲ਼ੀਆਂ ਜ਼ਮੀਨਾਂ ਵਿੱਚ ਹੋਣ ਵਾਲ਼ਾ ਇਹ ਰੁੱਖ ਅੱਤ ਦੀ ਗਰਮੀ ਸਹਿਣ ਦੀ ਸਮਰਥਾ ਰੱਖਦਾ ਹੈ। ਇਸ ਰੁੱਖ ਦੀਆਂ ਟਾਹਣੀਆਂ ਲਮਕਦੀਆਂ ਦਿਖਾਈ ਦਿੰਦੀਆਂ ਹਨ ਅਤੇ ਇਸ ਦੇ ਪੱਤੇ ਲਹਿਰੀਦਾਰ ਕਿਨਾਰੀ ਵਾਲ਼ੇ ਹੁੰਦੇ ਹਨ। ਤਕਰੀਬਨ ਅੱਧ-ਮਾਰਚ ਤੋਂ ਰੁੱਖ ਉੱਪਰ ਨਾਲ਼ੀਦਾਰ ਪੀਲ਼ੇ-ਸੰਤਰੀ ਰੰਗ ਦੇ ਫੁੱਲ ਗੁੱਛਿਆਂ ਵਿੱਚ ਨਜ਼ਰ ਆਉਂਦੇ ਹਨ ਅਤੇ ਸਮਾਂ ਪਾ ਕੇ ਜੂਨ ਮਹੀਨੇ ਤੱਕ ਵਿੰਗੇ 'ਤੇ ਵਲ਼ਦਾਰ ਫਲ਼ੀਆਂ ਵਿੱਚ ਤਬਦੀਲ ਹੋ ਜਾਂਦੇ ਹਨ ਜਿਨ੍ਹਾਂ ਵਿੱਚੋਂ ਚਪਟੇ ਤੇ ਪੰਖਦਾਰ ਬੀਜ ਨਿਕਲ਼ਦੇ ਹਨ।

ਰਹੂੜੇ ਦੀ ਲੱਕੜ ਬਹੁਤ ਸਖ਼ਤ, ਹੰਡਣਸਾਰ ਅਤੇ ਗੁਣਵੱਤਾ ਵਿੱਚ ਤਕਰੀਬਨ ਸਾਗਵਾਨ ਦੇ ਬਰਾਬਰ ਹੁੰਦੀ ਹੈ ਜਿਸ ਕਾਰਨ ਇਸ ਨੂੰ 'ਰਾਜਸਥਾਨੀ ਸਾਗਵਾਨ' ਜਾਂ 'ਮਾਰਵਾੜੀ ਸਾਗਵਾਨ' ਵੀ ਕਿਹਾ ਜਾਂਦਾ ਹੈ। ਇਸ ਦੀ ਲੱਕੜ ਤਰਾਸ਼ਣ ਅਤੇ ਉਕਰਣ ਲਈ ਵੀ ਬਿਹਤਰੀਨ ਮੰਨੀ ਜਾਂਦੀ ਹੈ। ਇਸ ਤੋਂ ਫਰਨੀਚਰ, ਖੇਤੀ ਸੰਦ ਅਤੇ ਵਿਸ਼ੇਸ਼ ਤੌਰ ਤੇ ਚਰਖੇ ਤਿਆਰ ਕੀਤੇ ਜਾਂਦੇ ਸਨ। ਪੁਰਾਣੇ ਵੇਲ਼ਿਆਂ ਤੋਂ ਇਸ ਨੂੰ ਗਾਉਂਦਾ ਰੁੱਖ ਵੀ ਕਿਹਾ ਗਿਆ ਹੈ ਕਿਉਂਕਿ ਇਸ ਦੀ ਲੱਕੜ ਤੋਂ ਸੰਗੀਤਕ ਸਾਜ਼ ਖ਼ਾਸਕਰ ਸਾਰੰਗੀ ਬਣਾਈ ਜਾਂਦੀ ਸੀ। ਖ਼ੁਸ਼ਕ 'ਤੇ ਮਾੜੀਆਂ ਜ਼ਮੀਨਾਂ ਵਿੱਚ ਲਾਉਣ ਤੋਂ ਇਲਾਵਾ ਇਸ ਨੂੰ ਹਵਾ ਰੋਧਕ ਪੱਟੀਆਂ, ਭੌਂ-ਖੁਰ ਰੋਕਣ ਅਤੇ ਪਸ਼ੂਆਂ ਦੇ ਚਾਰੇ ਲਈ ਵੀ ਵਰਤਿਆ ਜਾਂਦਾ ਰਿਹਾ ਹੈ। ਇਸ ਦੇ ਫੁੱਲਾਂ ਤੋਂ ਮਿਲ਼ਣ ਵਾਲ਼ੀ ਪੀਲ਼ੇ ਰੰਗ ਦੀ ਡਾਈ ਕੱਪੜੇ ਰੰਗਣ ਲਈ ਵਰਤੀ ਜਾਂਦੀ ਹੈ।

ਰਹੂੜੇ ਦੇ ਵੈਦਿਕ ਗੁਣਾਂ ਦੀ ਗੱਲ ਕਰੀਏ ਤਾਂ ਇਹ ਅਨੇਕਾਂ ਮਨੁੱਖੀ ਬੀਮਾਰੀਆਂ ਜਿਵੇਂ ਕਿ ਗਰਮੀ, ਮੂਤਰ ਰੋਗ, ਤਿੱਲੀ ਅਤੇ ਜਿਗਰ ਦਾ ਵੱਧਣਾ ਆਦਿ ਦੇ ਇਲਾਜ ਲਈ ਵਰਤੇ ਜਾਂਦੇ ਨੁਸਖ਼ਿਆਂ ਵਿੱਚ ਉਪਯੋਗ ਕੀਤਾ ਜਾਂਦਾ ਰਿਹਾ ਹੈ। ਇਸ ਦੀਆਂ ਜੜ੍ਹਾਂ ਅਤੇ ਸੱਕ ਵਿੱਚ ਕੈਂਸਰ ਨਾਸ਼ਕ ਤੱਤਾਂ ਦੀ ਮੌਜੂਦਗੀ 'ਤੇ ਵੀ ਖੋਜ ਚੱਲ ਰਹੀ ਹੈ। ਸਾਹਿਤ ਵਿੱਚ ਵੀ ਆਪਣੀ ਹਾਜ਼ਰੀ ਲਵਾਉਣ ਵਾਲ਼ੇ ਇਸ ਰੁੱਖ ਦੀ ਗਿਣਤੀ ਦਿਨ-ਬ-ਦਿਨ ਘਟ ਜਾਣੀ ਚਿੰਤਾ ਦਾ ਵਿਸ਼ਾ ਹੈ।

ਔਂਦ ਤੇਰੀ ਇਉਂ ਬੰਦਿਆ
ਜਿਉਂ ਰਹੂੜੇ ਦੇ ਫੁੱਲ
ਹਵਾ ਆਈ ਝੜ ਜਾਂਦੇ ਨੇ
ਕੋਈ ਨਾ ਲੈਂਦਾ ਮੁੱਲ।

# ਲ ਲਸੂੜਾ

*(Cordia dichotoma)*



# ਲਸੂੜਾ

***(Cordia dichotoma)***

ਪੰਜਾਬ ਦੇ ਸਾਹਿਤ ਅਤੇ ਸੱਭਿਆਚਾਰ ਵਿੱਚ ਵਿਸ਼ੇਸ਼ ਸਥਾਨ ਰੱਖਣ ਵਾਲ਼ੇ ਲਸੂੜੇ ਨਾਮੀ ਰੁੱਖ ਨਾਲ਼ ਮਨੁੱਖੀ ਸਾਂਝ ਬਹੁਤ ਪੁਰਾਣੀ ਹੈ। ਇਹ ਰੁੱਖ ਪੰਜਾਬ ਤੱਕ ਸੀਮਤ ਨਾ ਰਹਿ ਕੇ ਰਾਜਸਥਾਨ ਦੇ ਖ਼ੁਸ਼ਕ ਇਲਾਕਿਆਂ, ਪੱਛਮੀ ਘਾਟ ਦੇ ਸਿੱਲ੍ਹੇ ਇਲਾਕਿਆਂ ਅਤੇ ਵਿਸ਼ਵ ਦੇ ਹੋਰਨਾਂ ਦੇਸ਼ਾਂ ਅਮਰੀਕਾ, ਆਸਟਰੇਲੀਆ, ਚੀਨ, ਫ਼ਿਲਪਾਈਨ, ਬਰਮਾ, ਮਿਸਰ ਅਤੇ ਸ੍ਰੀਲੰਕਾ ਆਦਿ ਵਿੱਚ ਵੀ ਪਾਇਆ ਜਾਂਦਾ ਹੈ। ਸੰਸਾਰ ਦੇ ਹੋਰਨਾਂ ਭਾਗਾਂ ਵਿੱਚ ਲਸੂੜੇ ਨੂੰ 'ਹਿੰਦੋਸਤਾਨੀ ਚੈਰੀ' ਅਤੇ 'ਬਰਡ ਲਾਈਮ ਟ੍ਰੀ', ਦੇ ਨਾਂ ਨਾਲ਼ ਵੀ ਜਾਣਿਆ ਜਾਂਦਾ ਹੈ। ਅੰਗ੍ਰੇਜ਼ੀ ਵਿੱਚ 'ਬਰਡ ਲਾਈਮ' ਅਜਿਹੇ ਸੰਘਣੇ ਤਰਲ ਪਦਾਰਥ ਨੂੰ ਕਹਿੰਦੇ ਹਨ ਜੋ ਰੁੱਖਾਂ ਦੀਆਂ ਟਾਹਣੀਆਂ ਉੱਪਰ ਲੇਪ ਕਰਕੇ ਪੰਛੀਆਂ ਨੂੰ ਫੜਨ ਲਈ ਵਰਤਦੇ ਹਨ। ਅਜਿਹੀ ਵਰਤੋਂ ਹੀ ਲਸੂੜੇ ਦੇ ਗੁੱਦੇ ਦੀ ਵੀ ਕੀਤੀ ਜਾਂਦੀ ਰਹੀ ਹੈ।

ਲਸੂੜੇ ਦਾ ਵਿਗਿਆਨਿਕ ਨਾਂ 'ਕੌਰਡੀਆ ਡਾਇਕੋਟੋਮਾ' ਹੈ ਅਤੇ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਲਸੂੜੇ ਅਤੇ ਲਸੂੜੀ ਦੇ ਰੁੱਖ ਆਮ ਹੀ ਮਿਲ਼ ਜਾਂਦੇ ਸਨ। ਲਸੂੜੇ ਦੇ ਪੱਤੇ ਗੋਲ਼ ਅਤੇ ਅੰਡਾਕਾਰ, ਗੂੜ੍ਹੀਆਂ ਰਗਾਂ ਵਾਲ਼ੇ ਹੁੰਦੇ ਹਨ ਜੋ ਸਮਾਂ ਪਾ ਕੇ ਖੁਰਦਰੇ ਹੋ ਜਾਂਦੇ ਹਨ। ਮਾਰਚ ਮਹੀਨੇ ਨਿੱਕੇ-ਨਿੱਕੇ ਸਫ਼ੈਦ-ਕਰੀਮ ਰੰਗ ਦੇ ਹਲਕੀ ਮਹਿਕ ਵਾਲ਼ੇ ਫੁੱਲ ਪੈਂਦੇ ਹਨ ਜੋ ਤਕਰੀਬਨ ਜੂਨ ਮਹੀਨੇ ਹਲਕੇ ਪੀਲ਼ੇ, ਗੁਲਾਬੀ, ਜਾਂ ਜੋਗੀਆ ਰੰਗ ਦੀ ਭਾਹ ਮਾਰਦੇ ਫਲ਼ਾਂ ਵਿੱਚ ਤਬਦੀਲ ਹੋ ਜਾਂਦੇ ਹਨ। ਇਹ ਫਲ ਹੌਲ਼ੀ-ਹੌਲ਼ੀ ਕਾਲ਼ੇ ਰੰਗ ਦੇ ਹੋ ਜਾਂਦੇ ਹਨ। ਫਲ਼ਾਂ ਵਿੱਚ ਚਿਪਚਿਪਾ ਗੁੱਦਾ ਹੁੰਦਾ ਹੈ। ਗੁੱਦੇ ਅੰਦਰ ਗਿਟਕ ਹੁੰਦੀ ਹੈ ਅਤੇ ਗਿਟਕ ਅੰਦਰ 1 ਤੋਂ 4 ਬੀਜ ਪਾਏ ਜਾਂਦੇ ਹਨ।

ਮਿਸਰ ਵਾਸੀ ਆਪਣੇ ਵੱਡ-ਵਡੇਰਿਆਂ ਦੀਆਂ ਲਾਸ਼ਾਂ ਸੰਭਾਲ ਕੇ ਰੱਖਣ ਵਾਲ਼ੇ ਬਕਸੇ ਬਣਾਉਣ ਲਈ ਲਸੂੜੇ ਦੀ ਲੱਕੜ ਵਰਤਦੇ ਸਨ। ਪੰਜਾਬ ਵਾਸੀ ਪਹਿਲਾਂ ਲਸੂੜੇ ਦੀ ਲੱਕੜ ਤੋਂ ਖੇਤੀ ਸੰਦ, ਕਿਸ਼ਤੀਆਂ, ਖੂਹ ਦੇ ਹਿੱਸੇ ਆਦਿ ਬਣਾਉਂਦੇ ਸਨ। ਦਰਅਸਲ ਲਸੂੜੇ ਦੀ ਲੱਕੜ ਪਾਣੀ ਵਿੱਚ ਰਹਿ ਕਿ ਜ਼ਿਆਦਾ ਹੰਢਣਸਾਰ ਹੋ ਜਾਂਦੀ ਹੈ।

ਲਸੂੜੇ ਦੇ ਕੱਚੇ ਅਤੇ ਪੱਕੇ ਫਲ਼ਾਂ ਨੂੰ ਅਚਾਰ ਅਤੇ ਸ਼ਬਜੀ ਦੇ ਤੌਰ ਤੇ ਵੀ ਖਾਧਾ ਜਾਂਦਾ ਹੈ। ਲਸੂੜੇ ਦੇ ਪੱਤਿਆਂ ਵਿੱਚ ਪ੍ਰੋਟੀਨ ਅਤੇ ਕੱਚੇ ਰੇਸ਼ੇ ਦੀ ਮੌਜੂਦਗੀ ਹੋਣ ਕਰਕੇ ਬੱਕਰੀਆਂ ਦੇ ਚਾਰੇ ਲਈ ਵਧੀਆ ਮੰਨਿਆ ਜਾਂਦਾ ਹੈ। ਤਣੇ ਦੇ ਸੱਕ ਤੋਂ ਟੈਨਿਨ ਦੀ ਪ੍ਰਾਪਤੀ ਅਤੇ ਪੱਤੇ ਡੂਨੇ-ਪੱਤਲ ਬਣਾਉਣ ਲਈ ਵੀ ਵਰਤੇ ਜਾਂਦੇ ਸਨ।

ਲਸੂੜੇ ਦੇ ਫਲ਼ਾਂ ਵਿੱਚ ਐਂਟੀਏਜਿੰਗ (ਜਵਾਨ ਰਹਿਣ) ਅਤੇ ਚਿਹਰੇ ਤੇ ਝੁਰੜੀਆਂ ਪੈਣ ਤੋਂ ਰੋਕਣ ਵਿੱਚ ਸਹਾਈ ਤੱਤਾਂ ਦੀ ਮੌਜੂਦਗੀ ਹੋਣ ਕਰਕੇ ਵਿਦੇਸ਼ੀ ਲੋਕ ਇਸ ਨੂੰ ਸ਼ਿੰਗਾਰ ਉਦਯੋਗ ਵਿੱਚ ਖ਼ੂਬ ਵਰਤਣ ਲੱਗੇ ਹਨ। ਲਸੂੜੇ ਦੇ ਵੈਦਿਕ ਗੁਣਾਂ ਦੀ ਗੱਲ ਕਰੀਏ ਤਾਂ ਬੀਜਾਂ ਨੂੰ ਪੀਸ ਕੇ ਤੇਲ ਨਾਲ਼ ਮਿਲਾਉਣ ਉਪਰੰਤ ਪੇਟ ਦੇ ਕੀੜੇ ਮਾਰਨ ਦਾ ਨੁਸਖ਼ਾ ਤਿਆਰ ਕੀਤਾ ਜਾਂਦਾ ਹੈ। ਫਲ ਕਬਜ਼, ਖੰਘ ਅਤੇ ਸੱਕ ਅਨੇਕਾਂ ਬੀਮਾਰੀਆਂ ਤੋਂ ਬਚਾਅ ਲਈ ਵਰਤੇ ਜਾਂਦੇ ਹਨ। ਲਸੂੜੇ ਦੇ ਵੱਖ-ਵੱਖ ਭਾਗਾਂ ਤੋਂ ਪੇਸ਼ਾਬ ਦੀ ਜਲ਼ਣ, ਸਾਹ ਰੋਗ, ਮਰਦਾਨਾ ਕਮਜ਼ੋਰੀ, ਨਿਮੋਨੀਆ, ਜ਼ੁਕਾਮ, ਸਿਰਦਰਦ, ਬਦਹਜ਼ਮੀ ਆਦਿ ਅਨੇਕਾਂ ਰੋਗਾਂ ਲਈ ਨੁਸਖ਼ੇ ਤਿਆਰ ਕੀਤੇ ਜਾਂਦੇ ਹਨ।

ਪੁਰਾਣੇ ਵੇਲ਼ਿਆਂ ਵਿੱਚ ਲੋਕ ਇਸ ਦੀ ਲੱਕੜ ਨੂੰ ਆਪਸ ਵਿੱਚ ਘਸਾ ਕੇ ਅੱਗ ਬਾਲ਼ਣ ਦਾ ਕੰਮ ਵੀ ਲੈਂਦੇ ਸਨ, ਰੁੱਖ ਦੇ ਪੱਤਿਆਂ ਉੱਪਰ ਲਾਖ ਦੇ ਕੀੜੇ ਪਾਲ ਲੈਂਦੇ ਸਨ। ਪੰਜਾਬੀ ਸਾਹਿਤ ਵਿੱਚ ਵੀ ਲਸੂੜਾ ਆਪਣੀ ਹਾਜ਼ਰੀ ਅਨੇਕ ਥਾਈਂ ਲਵਾਉਂਦਾ ਹੈ:-

ਕਿੱਕਰਾਂ ਵੀ ਲੰਘ ਆਈ
ਬੇਰੀਆਂ ਵੀ ਲੰਘ ਆਈ
ਲੰਘਣੋਂ ਰਹਿ ਗਿਆ ਲਸੂੜਾ
ਲੈ ਜਾ ਮੇਰਾ ਗੁੱਟ ਮਿਣਕੇ
ਛੁੱਟੀ ਆਇਆ ਤਾਂ ਲਿਆਵੀਂ ਚੂੜਾ।



# ਵ

## ਵਣ

*(Salvadora oleoides)*

# ਵਣ

**(*Salvadora oleoides*)**

ਨਵੀਂ ਪੀੜ੍ਹੀ ਲਈ ਅਣ-ਦੇਖਿਆ, ਅਣ-ਸੁਣਿਆ ਤੇ ਅਣ-ਜਾਣਿਆ ਜਿਹਾ ਰੁੱਖ 'ਵਣ' ਪੰਜਾਬ ਦੇ ਬਿਹਤਰੀਨ ਵਿਰਾਸਤੀ ਰੁੱਖਾਂ ਵਿੱਚੋਂ ਇੱਕ ਹੈ ਜੋ ਅੱਜ ਲੋਪ ਹੋਣ ਦੀ ਸ੍ਰੇਣੀ ਵਿੱਚ ਸ਼ਾਮਿਲ ਹੈ। ਵਣ ਦਾ ਵਿਗਿਆਨਿਕ ਨਾਂ 'ਸਾਲਵਾਡੋਰਾ ਓਲਿਆਇਡਜ਼' ਹੈ ਅਤੇ ਇਸ ਨੂੰ ਬੜਾ ਪੀਲੂ, ਜਰ, ਖਰ, ਖੱਬੜ, ਪਿਲਾਵਾ ਆਦਿ ਦੇ ਨਾਵਾਂ ਨਾਲ਼ ਵੀ ਜਾਣਿਆ ਜਾਂਦਾ ਹੈ। ਇਹ ਰੁੱਖ ਜ਼ਿਆਦਾਤਰ ਭਾਰਤ ਦੇ ਪੰਜਾਬ, ਹਰਿਆਣਾ, ਗੁਜਰਾਤ ਅਤੇ ਰਾਜਸਥਾਨ ਵਰਗੇ ਸੂਬਿਆਂ ਵਿੱਚ ਅਤੇ ਹੋਰਨਾਂ ਦੇਸ਼ਾਂ ਜਿਵੇਂ ਕਿ ਪਾਕਿਸਤਾਨ (ਬਲੋਚਿਸਤਾਨ), ਅਰਬ, ਮਿਸਰ ਅਤੇ ਅਫ਼ਰੀਕਾ ਆਦਿ ਵਿੱਚ ਵੀ ਵੇਖਣ ਨੂੰ ਮਿਲ਼ਦਾ ਹੈ। ਖਾਰੀਆਂ ਜ਼ਮੀਨਾਂ, ਗਰਮ ਅਤੇ ਖੁਸ਼ਕ ਇਲਾਕਿਆਂ ਦਾ ਇਹ ਰੁੱਖ ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਵਿੱਚ ਵੀ ਘਟਦਾ ਜਾ ਰਿਹਾ ਹੈ।

ਵਣ ਦੀ ਮੁੱਢਲੀ ਪਹਿਚਾਣ ਇਸ ਦੇ ਫ਼ਲਾਂ ਕਰਕੇ ਹੈ ਜਿਨ੍ਹਾਂ ਨੂੰ ਪੀਲਾਂ ਕਿਹਾ ਜਾਂਦਾ ਹੈ। ਅਫਸੋਸ ਦੀ ਗੱਲ ਹੈ ਕਿ ਵਾਤਾਵਰਣ ਤਬਦੀਲੀਆਂ ਕਾਰਨ ਪੰਜਾਬ ਵਿੱਚ ਮੌਜੂਦ ਜ਼ਿਆਦਾਤਰ ਵਣ ਦੇ ਰੁੱਖਾਂ ਨੂੰ ਪੀਲਾਂ ਪੈਣੀਆਂ ਹੀ ਬੰਦ ਹੋ ਗਈਆਂ ਹਨ। ਪੀਲਾਂ ਸ਼ੁਰੂਆਤੀ ਦਿਨਾਂ ਵਿੱਚ ਹਰੀਆਂ, ਪੱਕ ਕੇ ਪੀਲ਼ੀਆਂ ਅਤੇ ਅੰਤ ਸੁੱਕ ਕੇ ਲਾਲ ਭੂਰੀਆਂ 'ਤੇ ਮਿੱਠੀਆਂ ਹੋ ਜਾਂਦੀਆਂ ਹਨ। ਪੀਲਾਂ ਅੰਦਰ ਗਿਟਕ ਵੀ ਪਾਈ ਜਾਂਦੀ ਹੈ ਜਿਸ ਤੋਂ ਲੋਕ ਪਹਿਲਾਂ ਆਸਾਨੀ ਨਾਲ਼ ਰੁੱਖ ਉਗਾ ਲੈਂਦੇ ਸਨ। ਬੀਜ ਵਿੱਚੋਂ ਤੇਲ ਦੀ ਪ੍ਰਾਪਤੀ ਕੀਤੀ ਜਾਂਦੀ ਸੀ ਜੋ ਸੁਆਦ ਵਿੱਚ ਕਾਫ਼ੀ ਕੌੜਾ ਹੁੰਦਾ ਸੀ ਪ੍ਰੰਤੂ ਉਸ ਤੋਂ ਅਨੇਕਾਂ ਬੀਮਾਰੀਆਂ ਨੂੰ ਠੀਕ ਕਰਨ ਦੇ ਨੁਸਖ਼ੇ ਤਿਆਰ ਕਰ ਲਏ ਜਾਂਦੇ ਸਨ। ਕੁਝ ਲੋਕ ਇਸ ਦੇ ਤੇਲ ਤੋਂ ਮੋਮਬੱਤੀ 'ਤੇ ਸਾਬਣ ਬਣਾ ਲੈਂਦੇ ਸਨ ਅਤੇ ਤੇਲ ਕੱਢਣ ਮਗਰੋਂ ਬਚੀ ਖਲ਼, ਪਸ਼ੂਆਂ ਨੂੰ ਖ਼ੁਰਾਕ ਵਜੋਂ ਪਾ ਦਿੱਤੀ ਜਾਂਦੀ ਸੀ। ਤੇਲ ਗਠੀਏ ਦੇ ਇਲਾਜ ਲਈ ਅਤੇ ਜੜ੍ਹਾਂ ਦਾ ਅਰਕ ਸਿਰ ਮਾਲਿਸ਼ ਲਈ ਵਰਤਿਆ ਜਾਂਦਾ ਸੀ।

ਵਣ ਨੂੰ 'ਟੂਥਬ੍ਰਸ਼ ਟ੍ਰੀ' ਭਾਵ ਦਾਤਣ ਰੁੱਖ ਵੱਜੋਂ ਵੀ ਜਾਣਿਆ ਜਾਂਦਾ ਹੈ। ਇਸ ਦੀਆਂ ਟਾਹਣੀਆਂ ਵਿੱਚ ਮੌਜੂਦ 'ਸਿਲੀਕਾ' ਅਤੇ ਹੋਰ ਤੱਤ ਦੰਦਾਂ ਦੀ ਸਫ਼ਾਈ ਕਰਨ ਵਿੱਚ ਸਹਾਈ ਹੁੰਦੇ ਹਨ ਅਤੇ ਇਸ ਦੇ ਕਿਟਾਣੂਨਾਸ਼ਕ ਰਸਾਇਣ ਮੂੰਹ ਦੇ ਰੋਗਾਂ ਤੋਂ ਵੀ ਬਚਾਉਂਦੇ ਹਨ। ਵਣ ਨੂੰ ਪਹਿਲਾਂ ਅਕਸਰ ਲੋਕ ਅੱਤ ਦੀ ਗਰਮੀ ਤੋਂ ਬਚਣ ਲਈ ਛਾਂ ਰੁੱਖ ਵਜੋਂ ਵੀ ਲਾ ਲੈਂਦੇ ਸਨ ਜੋ ਪੈਦਲ ਯਾਤਰੀਆਂ ਲਈ ਆਰਾਮ ਘਰ ਨਾਲ਼ੋਂ ਘੱਟ ਨਹੀਂ ਸੀ ਹੁੰਦਾ । ਵਣ ਦੇ ਪੱਤੇ ਲੰਮੇ 'ਤੇ ਤਿੱਖੇ ਹੁੰਦੇ ਹਨ ਅਤੇ ਫੁੱਲ ਪੈਣ ਦਾ ਸਮਾਂ ਮਾਰਚ-ਅਪ੍ਰੈਲ ਹੁੰਦਾ ਹੈ ਜੋ ਸਮਾਂ ਪਾ ਕੇ ਜੂਨ ਮਹੀਨੇ ਵਿੱਚ ਪੀਲਾਂ ਵਿੱਚ ਤਬਦੀਲ ਹੋ ਜਾਂਦੇ ਹਨ। ਵਣ ਦਾ ਤਣਾ ਆਮ ਰੁੱਖਾਂ ਨਾਲ਼ੋਂ ਵੱਖਰਾ ਅਤੇ ਆਕਰਸ਼ਕ ਹੁੰਦਾ ਹੈ ਜੋ ਉਮਰ ਦੇ ਨਾਲ਼-ਨਾਲ਼ ਕਾਫ਼ੀ ਵੱਧਦਾ ਜਾਂਦਾ ਹੈ ਪ੍ਰੰਤੂ ਅੰਦਰੋਂ ਖੋਖਲਾ ਜਿਹਾ ਹੋਣ ਕਰਕੇ ਪੰਛੀਆਂ ਜਾਂ ਰੀਂਗਣ ਵਾਲ਼ੇ ਜੀਵ ਜੰਤੂਆਂ ਦਾ ਰੈਣ ਬਸੇਰਾ ਵੀ ਬਣ ਜਾਂਦਾ ਹੈ। ਆਪਣੇ ਔਸ਼ਧ ਗੁਣਾਂ ਅਤੇ ਖ਼ੁਰਾਕੀ ਤੱਤਾਂ ਕਾਰਨ ਇਸ ਨੂੰ ਖ਼ੁਸ਼ਕ ਇਲਾਕਿਆਂ ਦਾ ਜੀਵਨਦਾਈ ਰੁੱਖ ਮੰਨਿਆ ਜਾਂਦਾ ਹੈ।

ਮਾਲਵੇ ਖਿੱਤੇ ਵਿੱਚ 300-400 ਸਾਲ ਪੁਰਾਣੇ ਰੁੱਖ ਅਜੇ ਵੀ ਕਈ ਝਿੜ੍ਹੀਆਂ ਜਿਵੇਂ ਕਿ ਬਠਿੰਡੇ ਕੋਲ਼ ਗੋਬਿੰਦਪੁਰਾ ਵਿੱਚ ਮੌਜੂਦ ਹਨ। ਇਸ ਤੋਂ ਇਲਾਵਾ ਪੁਰਾਤਨ ਰੁੱਖ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਵਿਖੇ ਵੀ ਮੌਜੂਦ ਹੈ ਜਿਸ ਨਾਲ਼ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਘੋੜਾ ਬੰਨ੍ਹਿਆਂ ਸੀ। ਅੱਜ ਵਾਤਾਵਰਣ ਤਬਦੀਲੀਆਂ ਅਤੇ ਮਨੁੱਖ ਦੀ ਕੁਦਰਤ ਨਾਲ਼ੋਂ ਵੱਧ ਰਹੀ ਦੂਰੀ ਸਦਕਾ ਇਹ ਰੁੱਖ ਦਿਨ-ਬ-ਦਿਨ ਘੱਟਦਾ ਜਾ ਰਿਹਾ ਹੈ ਜਿਸ ਬਾਰੇ ਸਾਹਿਤ ਵੰਨਗੀ ਵੀ ਵੇਖਣ ਨੂੰ ਮਿਲ਼ਦੀ ਹੈ:-

ਤੇਰੀ ਮਾਂ ਵੇ ਬਚਨ ਸਿੰਹਾਂ ਕਰਦੀ ਪੀਲੂ ਪੀਲੂ ਵੇ  
ਵਣ ਸੁੱਕ ਗਏ ਅੰਮੜੀਏ, ਕਿਥੋਂ ਲਿਆਵਾਂ ਪੀਲੂ ਨੀ।

Society for Conservation & Healing of Environment

# ੜ ਹਰੜ

*(Terminalia chebula)*



# ਹਰੜ

## (*Terminalia chebula*)

ਹਿੰਦੂ ਮਿਥਿਹਾਸ ਅਨੁਸਾਰ ਇਕ ਵਾਰ ਇੰਦਰ ਦੇਵਤਾ ਸਵਰਗ ਵਿੱਚ ਅੰਮ੍ਰਿਤ ਪੀ ਰਿਹਾ ਸੀ ਤਾਂ ਉਸ ਰਸ ਦੀ ਇੱਕ ਬੂੰਦ ਧਰਤੀ ਉੱਪਰ ਡਿੱਗ ਪਈ, ਜਿਸ ਤੋਂ ਹਰੜ ਦਾ ਬਿਰਖ ਪੈਦਾ ਹੋਇਆ। ਮਿਥਿਹਾਸਕਾਰ ਇਹ ਵੀ ਕਹਿੰਦੇ ਹਨ ਕਿ ਇਹ ਫ਼ਲ ਹਿਮਾਲਿਆ ਦੇ ਨੇੜੇ ਹਰੀ (ਵਿਸ਼ਨੂੰ, ਸਰਵਉੱਚ ਪ੍ਰਮਾਤਮਾ) ਦੇ ਘਰ ਉੱਗਿਆ ਸੀ, ਇਸੇ ਕਰਕੇ ਹੀ ਇਸ ਦਾ ਸੰਸਕ੍ਰਿਤ ਨਾਂ ਹਰਿਤਕੀ ਹੈ। ਹਰੜ ਦੱਖਣੀ ਏਸ਼ੀਆ 'ਤੇ ਭਾਰਤ ਦਾ ਮੂਲ ਰੁੱਖ ਹੈ ਅਤੇ ਇਸ ਦਾ ਵਿਗਿਆਨਿਕ ਨਾਂ 'ਟਰਮੀਨੇਲੀਆ ਚੈਬੂਲਾ' ਹੈ। ਆਯੁਰਵੈਦਿਕ ਜੜੀ-ਬੂਟੀਆਂ ਦੀ ਸੂਚੀ ਵਿੱਚ ਮੋਹਰੀ ਸਥਾਨ ਰੱਖਣ ਵਾਲ਼ੇ ਇਸ ਰੁੱਖ ਨੂੰ 'ਦਵਾਈਆਂ ਦਾ ਰਾਜਾ' ਵੀ ਕਿਹਾ ਜਾਂਦਾ ਹੈ। ਤ੍ਰਿਫਲਾ ਵਿੱਚ ਤਿੰਨੇ ਚੀਜ਼ਾਂ ਹਰੜ, ਬਹੇੜਾ ਅਤੇ ਆਂਵਲਾ ਦਾ ਮਿਸ਼ਰਣ ਹੁੰਦਾ ਹੈ।

ਹਰੜ, ਬਹੇੜਾ, ਆਂਵਲਾ
ਤਿੰਨੇ ਘਰ ਦੇ ਵੈਦ।

ਪੁਰਾਣੇ ਸਮਿਆਂ ਵਿੱਚ ਸਿਆਣੇ ਕਹਿੰਦੇ ਸਨ ਕਿ 'ਮਾਂ ਆਪਣੀ ਔਲਾਦ ਤੋਂ ਨਾਰਾਜ਼ ਹੋ ਸਕਦੀ ਹੈ ਪਰ ਪੇਟ ਵਿੱਚ ਪਈ ਹਰੜ ਕਦੇ ਨਹੀਂ", ਭਾਵ ਹਰੜ ਕਦੇ ਵੀ ਨੁਕਸਾਨਦੇਹ ਨਹੀਂ ਹੁੰਦੀ, ਇਸ ਦੇ ਗੁਣ ਹੀ ਗੁਣ ਹਨ। ਹਰੜ ਦੇ ਫ਼ਲਾਂ ਨੂੰ ਅੰਗ੍ਰੇਜ਼ੀ ਵਿੱਚ 'ਮਾਇਰੋਬਾਲਨ' ਕਿਹਾ ਜਾਂਦਾ ਹੈ ਅਤੇ ਇਸ ਤੋਂ ਸਿਆਹੀ ਦੀ ਪ੍ਰਾਪਤੀ ਹੁੰਦੀ ਹੋਣ ਕਰਕੇ ਕਈ ਲੋਕ ਇਸ ਨੂੰ 'ਇੰਕ ਨਟ' ਦੇ ਨਾਂ ਨਾਲ਼ ਵੀ ਜਾਣਦੇ ਹਨ।

ਭਾਰਤ ਦੇ ਅਨੇਕਾਂ ਸੂਬਿਆਂ ਵਿੱਚ ਮਿਲ਼ਣ ਵਾਲ਼ਾ ਇਹ ਰੁੱਖ ਅਨਕੂਲ ਹਾਲਤਾਂ ਵਿੱਚ 100 ਫੁੱਟ ਤੱਕ ਦੀ ਉਚਾਈ ਵੀ ਗ੍ਰਹਿਣ ਕਰ ਲੈਂਦਾ ਹੈ। ਮਜ਼ਬੂਤ ਤੇ ਸਿੱਧੇ ਤਣੇ ਵਾਲ਼ੇ ਇਸ ਰੁੱਖ ਦੇ ਪੱਤੇ ਅੰਡਾਕਾਰ, ਲੰਬੂਤਰੇ ਅਤੇ ਖੁਰਦਰੇ ਜਿਹੇ ਹੁੰਦੇ ਹਨ। ਹਰੜ ਦੇ ਫੁੱਲ ਹਲਕੇ ਸਫ਼ੈਦ/ ਪੀਲ਼ੇ ਰੰਗ ਦੇ ਪਰ ਤੇਜ਼ ਮਹਿਕ ਵਾਲ਼ੇ ਹੁੰਦੇ ਹਨ। ਫ਼ਲ 1 ਤੋਂ 2 ਇੰਚ ਲੰਬੇ, ਅੰਡਾਕਾਰ, ਇੱਕ ਬੀਜ ਵਾਲ਼ੇ ਹੁੰਦੇ ਹਨ। ਗੁਠਲੀ ਬਣਨ ਤੋਂ ਪਹਿਲਾਂ ਦਰਖ਼ਤ ਤੋਂ ਡਿੱਗੇ ਕੱਚੇ ਫ਼ਲ ਸੁੱਕ ਕੇ ਕਾਲ਼ੇ ਹੋ ਜਾਂਦੇ ਹਨ 'ਤੇ ਉਨ੍ਹਾਂ ਨੂੰ ਛੋਟੀ ਹਰੜ ਜਾਂ ਬਾਲ ਹਰੜ ਕਿਹਾ ਜਾਂਦਾ ਹੈ।

ਜਿਹੜਾ ਫ਼ਲ ਗੁਠਲੀ ਬਨਣ ਤੋਂ ਬਾਅਦ ਪੂਰੀ ਤਰ੍ਹਾਂ ਪੱਕ ਜਾਣ ਤੋਂ ਪਹਿਲਾਂ ਤੋੜ ਲਿਆ ਜਾਂਦਾ ਹੈ, ਉਸ ਨੂੰ ਵੱਡੀ ਹਰੜ ਕਿਹਾ ਜਾਂਦਾ ਹੈ। ਆਯੁਰਵੇਦ ਦੇ ਮੂਲ ਗ੍ਰੰਥਾਂ ਵਿੱਚ ਹਰੜ ਸੱਤ ਕਿਸਮ ਦੀ ਦੱਸੀ ਗਈ ਹੈ ਲੇਕਿਨ ਅੱਜ ਕੱਲ੍ਹ ਹਰੜ ਤਿੰਨ ਕਿਸਮ ਦੀ ਪਾਈ ਜਾਂਦੀ ਹੈ। ਪੀਲ਼ੀ ਹਰੜ, ਕਾਲ਼ੀ (ਛੋਟੀ) ਹਰੜ ਅਤੇ ਕਾਬਲੀ ਹਰੜ। ਇਨ੍ਹਾਂ ਤਿੰਨਾਂ ਤੋਂ ਇਲਾਵਾ ਇਕ ਗੁਠਲੀ ਰਹਿਤ ਹਰੜ ਵੀ ਹੁੰਦੀ ਹੈ, ਜਿਸ ਨੂੰ 'ਜਲਾਪਾ ਹਰੜ' ਕਿਹਾ ਜਾਂਦਾ ਹੈ ਪਰ ਮਿਲ਼ਦੀ ਬਹੁਤ ਘੱਟ ਹੈ।

ਰੁੱਖ ਦਾ ਸੱਕ ਗੂੜੇ ਭੂਰੇ ਰੰਗ ਦਾ ਹੁੰਦਾ ਹੈ ਜਿਸ ਤੋਂ ਰੰਗਾਈ ਦਾ ਕੰਮ ਲਿਆ ਜਾਂਦਾ ਹੈ। ਹਾਲਾਂਕਿ ਹਰੜ ਦੇ ਫ਼ਲ ਨੂੰ ਵੀ ਰੰਗਾਈ ਦੇ ਕੰਮਾਂ ਵਿੱਚ ਵਰਤ ਲਿਆ ਜਾਂਦਾ ਹੈ। ਹਰੜ ਦੀ ਲੱਕੜ ਦਰਮਿਆਨੀ ਹੋਣ ਕਰਕੇ ਇਹ ਖੇਤੀ ਸੰਦ, ਫ਼ਰਨੀਚਰ, ਫੱਟੇ, ਇਮਾਰਤਸਾਜ਼ੀ ਆਦਿ ਲਈ ਵਰਤੀ ਜਾਂਦੀ ਰਹੀ ਹੈ।

ਹਰੜ ਦਾ ਆਯੁਰਵੈਦਿਕ ਪ੍ਰਣਾਲੀ ਵਿੱਚ ਕੋਈ ਜਵਾਬ ਹੀ ਨਹੀਂ । ਹਰੜ ਕੱਚੀ ਤੋਂ ਪੱਕੀ ਤੱਕ ਅਤੇ ਸੱਕ ਆਦਿ ਤੋਂ ਅਨੇਕਾਂ ਨੁਸਖ਼ੇ ਤਿਆਰ ਕੀਤੇ ਜਾਂਦੇ ਹਨ, ਜੋ ਕਈ ਮਨੁੱਖੀ ਬੀਮਾਰੀਆਂ ਜਿਵੇਂ ਕਿ ਫੋੜੇ ਫਿਨਸੀਆਂ, ਮੂੰਹ ਦੇ ਰੋਗ, ਯਾਦ ਸ਼ਕਤੀ, ਜਿਗਰ ਰੋਗ, ਵਾਲ਼ਾਂ ਦਾ ਸਫ਼ੈਦ ਹੋਣਾ, ਸ਼ੂਗਰ, ਮਿਰਗੀ, ਬਵਾਸੀਰ, ਕਬਜ਼, ਖੰਘ, ਸਾਹ, ਅੱਖਾਂ ਦੀਆਂ ਬੀਮਾਰੀਆਂ, ਪਾਚਨ ਪ੍ਰਣਾਲੀ, ਮੂਤਰਰੋਗ ਆਦਿ ਦੇ ਇਲਾਜ ਵਿੱਚ ਵਰਤੇ ਜਾਂਦੇ ਹਨ। ਸੁੱਕੀਆਂ ਹਰੜਾਂ ਭਾਰਤੀ ਪੌਦਿਆਂ ਵਿੱਚੋਂ ਟੈਨਿਨ ਦਾ ਸਭ ਤੋਂ ਬਿਹਤਰ ਸੋਮਾ ਮੰਨੀਆਂ ਜਾਂਦੀਆਂ ਹਨ। ਕੁੱਲ ਮਿਲ਼ਾ ਕੇ ਹਰੜ ਮਨੁੱਖੀ ਸਰੀਰ ਅਤੇ ਹੋਰਨਾਂ ਉਪਯੋਗਾਂ ਲਈ ਬਹੁਤ ਹੀ ਲਾਜਵਾਬ ਰੁੱਖ ਹੈ ਜਾਂ ਇਹ ਵੀ ਕਹਿ ਸਕਦੇ ਹਾਂ ਕਿ ਰੱਬ ਦੀਆਂ ਬਖ਼ਸ਼ੀਆਂ ਕੁਦਰਤੀ ਨਿਆਮਤਾਂ ਵਿੱਚੋਂ ਖ਼ਾਸ ਇੱਕ ਹੈ।

# ਸ਼ ਸ਼ਰੀਂਹ

*(Albizia lebbeck)*



# ਸ਼ਰੀਂਹ

## *(Albizia lebbeck)*

ਆਖਰੀ ਫੁੱਲ ਵੀ ਸ਼ਰੀਂਹ ਦਾ ਡਿੱਗ ਪਿਆ,
ਖਾ ਗਿਆ ਸਰਸਬਜ਼ ਜੂਹਾਂ ਸਰਦ ਪੋਹ।
ਚੰਨ ਦੀ ਰੋਟੀ ਪਕਾਈ ਤਾਰਿਆਂ,
ਬਦਲੀਆਂ ਮਰ ਜਾਣੀਆਂ ਗਈਆਂ ਲੈ ਖੋਹ।

ਸ਼ਿਵ ਕੁਮਾਰ ਬਟਾਲਵੀ ਦੀ ਇਹ ਕਵਿਤਾ ਖ਼ੂਬਸੂਰਤ ਤਾਂ ਹੈ ਹੀ ਇਸ ਦੇ ਨਾਲ-ਨਾਲ ਇਹ ਸਾਡੇ ਵਿਰਾਸਤੀ ਰੁੱਖ ਸ਼ਰੀਂਹ ਦੀ ਯਾਦ ਵੀ ਤਾਜ਼ਾ ਕਰਵਾਉਂਦੀ ਹੈ। ਵਿਸ਼ਵ ਦੇ ਅਨੇਕਾਂ ਭਾਗਾਂ ਵਿੱਚ ਮਿਲ਼ਣ ਵਾਲ਼ੇ ਇਸ ਰੁੱਖ ਨੂੰ 'ਵੁਮੇਨਜ਼ ਟੰਗ ਟ੍ਰੀ', 'ਫਰਾਈ ਵੁੱਡ', 'ਕੋਕੋ', 'ਈਸਟ ਇੰਡੀਆ ਵਾਲਨਟ' ਆਦਿ ਨਾਵਾਂ ਨਾਲ਼ ਜਾਣਿਆ ਜਾਂਦਾ ਹੈ। ਰੁੱਖ ਦੀਆਂ ਲੰਮੀਆਂ ਤੇ ਪੱਕੀਆਂ ਹੋਈਆਂ ਫਲੀਆਂ ਲੰਮਾ ਸਮਾਂ ਰੁੱਖ ਉੱਪਰ ਲਟਕਦੀਆਂ ਰਹਿੰਦੀਆਂ ਹਨ 'ਤੇ ਹਵਾ ਚੱਲਣ ਤੇ ਉਨ੍ਹਾਂ ਵਿੱਚੋਂ ਲਗਾਤਾਰ ਆਉਂਦੀ ਆਵਾਜ਼ ਨੂੰ ਔਰਤ ਦੀ ਜ਼ਿਆਦਾ ਬੋਲਣ ਵਾਲ਼ੀ ਆਦਤ ਨਾਲ਼ ਸੁਮੇਲਦਿਆਂ ਗੋਰਿਆਂ ਨੇ ਇਸ ਦਾ ਨਾਂ ਹੀ 'ਵੁਮੇਨਜ਼ ਟੰਗ ਟ੍ਰੀ' ਰੱਖ ਦਿੱਤਾ। ਪੁਰਾਣੇ ਵੇਲ਼ਿਆਂ ਵਿੱਚ ਖ਼ਾਸਕਰ ਮਾਲਵੇ ਵਿੱਚ ਜਦ ਕਿਸੇ ਘਰ ਬੇਟਾ ਜਨਮ ਲੈਂਦਾ ਸੀ ਤਾਂ ਘਰ ਦਿਆਂ ਦਰਾਂ ਵਿੱਚ ਸ਼ਰੀਂਹ ਦੇ ਪੱਤੇ ਬੰਨ੍ਹੇ ਜਾਂਦੇ ਸਨ ਜੋ ਕਿ ਅੱਜ ਵੀ ਬਹੁਤ ਪ੍ਰਚਲਿਤ ਹੈ।

ਦਰਮਿਆਨੇ ਤੋਂ ਵੱਡੇ ਆਕਾਰ ਦਾ ਇਹ ਪੱਤਝੜੀ ਰੁੱਖ ਪੰਜਾਬ ਦੀਆਂ ਸੜਕਾਂ ਕੰਢੇ ਅਕਸਰ ਵੇਖਣ ਨੂੰ ਮਿਲ਼ ਜਾਂਦਾ ਹੈ। ਮਾਰਚ-ਅਪ੍ਰੈਲ ਵਿੱਚ ਰੁੱਖ ਨਵਿਆਂ ਪੱਤਿਆਂ ਨਾਲ਼ ਭਰਦਾ ਹੈ 'ਤੇ ਨਾਲ਼ ਹੀ ਹਲਕੀ ਹਰੀ ਪੀਲ਼ੀ ਭਾਹ ਮਾਰਦੇ ਫੁੱਲ ਨਜ਼ਰ ਆਉਂਦੇ ਹਨ ਜੋ ਸਮਾਂ ਪਾ ਕੇ ਫਲੀਆਂ ਵਿੱਚ ਤਬਦੀਲ ਹੋ ਜਾਂਦੇ ਹਨ। ਕਾਫ਼ੀ ਸਮਾਂ ਬਾਅਦ ਫਲੀਆਂ ਵਿੱਚੋਂ ਬੀਜ ਧਰਤੀ ਉੱਪਰ ਕਿਰ ਜਾਂਦੇ ਹਨ।

'ਐਲਬਿਜ਼ੀਆ ਲੈਬੈਕ' ਦੇ ਵਿਗਿਆਨਕ ਨਾਮ ਨਾਲ਼ ਜਾਣੇ ਜਾਂਦੇ ਇਸ ਰੁੱਖ ਦਾ ਸੱਕ ਬਿਸਕੁਟੀ ਭੂਰੇ ਰੰਗ ਦਾ ਹੁੰਦਾ ਹੈ ਜਿਸ ਨੂੰ ਖੁਰਚਿਆਂ ਹੇਠੋਂ ਗੂੜੇ ਲਾਲ ਰੰਗ ਦੀ ਭਾਹ ਨਜ਼ਰ ਆਉਂਦੀ ਹੈ। ਇਸੇ ਸੱਕ ਨੂੰ ਮਛੇਰੇ ਜਾਲ ਰੰਗਣ ਲਈ ਵਰਤਦੇ ਹਨ ਅਤੇ ਇਸ ਤੋਂ ਸੈਪੋਨਿਨ ਵੀ ਪ੍ਰਾਪਤ ਕੀਤੀ ਜਾਂਦੀ ਹੈ। ਸ਼ਰੀਂਹ ਹੋਰਨਾਂ ਫਲੀਦਾਰ ਰੁੱਖਾਂ ਵਾਂਗ ਹਵਾ ਵਿੱਚੋਂ ਨਾਈਟ੍ਰੋਜਨ ਲੈ ਕੇ ਖ਼ੁਰਾਕ ਬਣਾਉਂਦਾ ਹੈ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਕਰਦਾ ਹੈ।

ਮੱਖੀ ਪਾਲਕ ਸ਼ਹਿਦ ਪ੍ਰਾਪਤ ਕਰਨ ਲਈ ਮੱਖੀਆਂ ਦੇ ਬਕਸੇ ਇਨ੍ਹਾਂ ਰੁੱਖਾਂ ਹੇਠ ਵੀ ਰੱਖਦੇ ਹਨ। ਪੁਰਾਣੇ ਵੇਲ਼ਿਆਂ ਵਿੱਚ ਸ਼ਰੀਂਹ ਦੇ ਪੱਤੇ ਚਾਰੇ ਵਜੋਂ ਬੱਕਰੀਆਂ 'ਤੇ ਹੋਰ ਜਾਨਵਰਾਂ ਨੂੰ ਪਾਏ ਜਾਂਦੇ ਸਨ। ਸੁੱਕੀਆਂ ਟਾਹਣੀਆਂ ਬਾਲਣ ਵਜੋਂ ਵਰਤੀਆਂ ਜਾਂਦੀਆਂ ਸਨ। ਲੱਕੜ ਤੋਂ ਕੋਹਲੂ ਜਾਂ ਮਿੱਲਾਂ ਦੇ ਹਿੱਸੇ ਬਣਾ ਲਏ ਜਾਂਦੇ ਸਨ ਪ੍ਰੰਤੂ ਮਿਸਤਰੀ ਸ਼ਰੀਂਹ ਦੀ ਲੱਕੜ ਤੇ ਕੰਮ ਕਰਨਾ ਘੱਟ ਪਸੰਦ ਕਰਦੇ ਸਨ। ਛਾਂ ਰੁੱਖ ਵਜੋਂ ਕੰਮ ਆ ਜਾਣ ਵਾਲ਼ਾ ਇਹ ਰੁੱਖ ਭੌਂ-ਖੁਰ ਤੋਂ ਬਚਾਉਣ ਵਿੱਚ ਵੀ ਸਹਾਈ ਹੁੰਦਾ ਹੈ ਅਤੇ ਜਾਨਵਰਾਂ ਦੁਆਰਾ ਖਾਧੇ ਜਾਣ ਜਾਂ ਕਿਸੇ ਕਾਰਨ ਨੁਕਸਾਨੇ ਜਾਣ ਤੇ ਦੁਬਾਰਾ ਆਸਾਨੀ ਨਾਲ਼ ਫੁੱਟ ਆਉਂਦਾ ਹੈ। ਪੰਜਾਬ ਵਿੱਚ ਇਕ ਹੋਰ ਕਿਸਮ 'ਸਫ਼ੈਦ ਸ਼ਰੀਂਹ' ਵੀ ਵੇਖਣ ਨੂੰ ਮਿਲ਼ਦੀ ਹੈ। ਵੈਦਿਕ ਗੁਣਾਂ ਦੀ ਗੱਲ ਕਰੀਏ ਤਾਂ ਇਸ ਤੋਂ ਦਮਾ, ਐਲਰਜੀ, ਚਮੜੀ ਰੋਗ, ਕੋਹੜ, ਅੰਧਰਾਤਾ, ਦਸਤ ਅਤੇ ਸੱਪ ਦੇ ਕੱਟਣ ਆਦਿ ਦੇ ਇਲਾਜ ਲਈ ਨੁਸਖ਼ੇ ਤਿਆਰ ਕੀਤੇ ਜਾਂਦੇ ਹਨ। ਰੁੱਖ ਦੇ ਸੱਕ ਤੋਂ ਨਿਕਲ਼ਣ ਵਾਲ਼ੀ ਗੂੰਦ ਨੂੰ ਵੀ ਕਈ ਤਰੀਕਿਆਂ ਨਾਲ਼ ਵਰਤਿਆ ਜਾਂਦਾ ਰਿਹਾ ਹੈ।



# ਖ਼ ਖ਼ਰਬੂਜ਼ਾ

*(Cucumis melo)*

# ਖ਼ਰਬੂਜ਼ਾ

***(Cucumis melo)***

ਸ਼ਬਜ਼ ਕਟੋਰੀ ਮਿੱਠਾ ਭੱਤ
ਲੁੱਟੋ ਸਈਓ ਹੱਥੋ ਹੱਥ।

ਜਦ ਘਰਾਂ ਵਿੱਚ ਬਾਤਾਂ ਪਾਉਣ ਦਾ ਰੁਝਾਨ ਹੁੰਦਾ ਸੀ ਤਾਂ ਉਪਰੋਕਤ ਬੁਝਾਰਤ ਖ਼ਰਬੂਜ਼ੇ ਦੇ ਸੰਦਰਭ ਵਿੱਚ ਪਾਈ ਜਾਂਦੀ ਸੀ। ਬਾਤ ਵਾਂਗ ਖ਼ਰਬੂਜ਼ੇ ਨਾਲ਼ ਸਬੰਧਿਤ ਇਕ ਕਹਾਵਤ ਤਾਂ ਬੇਹੱਦ ਮਸ਼ਹੂਰ ਹੈ 'ਤੇ ਅੱਜ ਵੀ ਹਰ ਘਰ ਵਿੱਚ ਕਿਸੇ ਨਾ ਕਿਸੇ ਚਰਚਾ ਵਿੱਚ ਇਸ ਦਾ ਜ਼ਿਕਰ ਆ ਹੀ ਜਾਂਦਾ ਹੈ:-
'ਖ਼ਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ਾ ਰੰਗ ਫੜ੍ਹਦਾ ਹੈ'

ਖ਼ਰਬੂਜ਼ੇ ਦਾ ਨਾਂ ਫ਼ਾਰਸੀ ਭਾਸ਼ਾ ਦੇ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ- 'ਖ਼ਰ' ਤੋਂ ਭਾਵ ਵੱਡਾ ਅਤੇ 'ਬੂਜ਼ਾ' ਤੋਂ ਭਾਵ ਮਿੱਠਾ ਫਲ਼ ਹੁੰਦਾ ਹੈ ਅਤੇ ਇਸ ਦਾ ਵਿਗਿਆਨਕ ਨਾਂ 'ਕੁਕੁਮਿਸ ਮੈਲੋ' ਹੈ। ਖ਼ਰਬੂਜ਼ਾ ਵਿਸ਼ਵ ਦੇ ਅਨੇਕਾਂ ਭਾਗਾਂ ਵਿੱਚ ਪਾਇਆ ਜਾਂਦਾ ਹੈ ਅਤੇ ਮਿਸਰ, ਅਫ਼ਰੀਕਾ, ਈਰਾਨ, ਭਾਰਤ ਸਮੇਤ ਏਸ਼ੀਆਈ ਖਿੱਤੇ ਦਾ ਕੇਂਦਰੀ ਭਾਗ ਇਸ ਦਾ ਮੂਲ ਸਥਾਨ ਹੋਣ ਦੇ ਤੱਥ ਮਿਲਦੇ ਹਨ। ਇਰਾਨ ਵਿੱਚ ਇਸ ਦੀ ਖੇਤੀ ਤਕਰੀਬਨ 4000 ਸਾਲ ਪਹਿਲਾਂ ਸ਼ੁਰੂ ਹੋਈ ਮੰਨੀ ਜਾਂਦੀ ਹੈ। ਮੁਗ਼ਲ ਬਾਦਸ਼ਾਹ ਬਾਬਰ ਖ਼ਰਬੂਜ਼ਿਆਂ ਦਾ ਬੇਹੱਦ ਸ਼ੌਕੀਨ ਸੀ ਅਤੇ ਉਸ ਲਈ ਖ਼ਾਸ ਤੌਰ ਤੇ ਸਮਰਕੰਦ ਤੋਂ ਖ਼ਰਬੂਜ਼ੇ ਮੰਗਵਾਏ ਜਾਂਦੇ ਸਨ। ਬਲਖ਼ ਤੋਂ ਖ਼ਰਬੂਜ਼ਿਆਂ ਦੇ ਕਾਸ਼ਤਕਾਰ ਬੁਲਾ ਕੇ ਆਗਰੇ ਵਿੱਚ ਇਸ ਦੀ ਖੇਤੀ ਸ਼ੁਰੂ ਕੀਤੀ ਗਈ ਸੀ।
ਦੁਨੀਆ ਦੇ ਕਈ ਸਭਿਅਚਾਰਾਂ ਵਿੱਚ ਖ਼ਰਬੂਜ਼ੇ ਨੂੰ ਜਣਨ ਸ਼ਕਤੀ, ਖ਼ੁਸ਼ਕਿਸਮਤੀ ਅਤੇ ਬਹੁਤਾਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਅਤੇ ਇਸ ਨੂੰ ਤੋਹਫ਼ੇ ਵੱਜੋਂ ਦੇਣਾ ਸ਼ੁਭ ਗਿਣਦੇ ਹਨ। ਆਯੁਰਵੇਦ ਵਿੱਚ ਮਿਠਾਸ ਕਾਰਨ ਇਸ ਨੂੰ 'ਮਧੂ ਫਲ' ਕਿਹਾ ਗਿਆ ਹੈ। ਪੱਕੇ ਖ਼ਰਬੂਜ਼ੇ ਦੀ ਮਹਿਕ ਬੜੀ ਦੂਰ ਤੱਕ ਮਹਿਸੂਸ ਕੀਤੀ ਜਾ ਸਕਦੀ ਹੈ। ਖ਼ਰਬੂਜ਼ਾ ਅੱਤ ਗਰਮੀ ਦੀ ਫਸਲ ਮੰਨਿਆ ਜਾਂਦਾ ਹੈ। ਖ਼ੁਸ਼ਕ ਤੇ ਗਰਮ ਮੌਸਮ ਵਿੱਚ ਇਸ ਦੇ ਫਲ਼ ਸਵਾਦ ਅਤੇ ਮਹਿਕ ਵਜੋਂ ਬਿਹਤਰ ਬਣਦੇ ਹਨ। ਕਿਸਾਨਾਂ ਦੁਆਰਾ ਅੱਜਕੱਲ੍ਹ ਇਸ ਦੀਆਂ ਹਾਈਬ੍ਰਿਡ ਕਿਸਮਾਂ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ।

ਹਾਲਾਂਕਿ ਜ਼ਿਆਦਾਤਰ ਲੋਕਾਂ ਵੱਲੋਂ ਖ਼ਰਬੂਜ਼ੇ ਨੂੰ ਜੀਭ ਦੇ ਸਵਾਦ ਲਈ ਖਾਣਾ ਪਸੰਦ ਕੀਤਾ ਜਾਂਦਾ ਹੈ, ਪ੍ਰੰਤੂ ਤਕਨੀਕੀ ਪੱਖੋਂ ਵੇਖਿਆ ਜਾਵੇ ਤਾਂ ਇਹ ਵਿਟਾਮਿਨ ਏ, ਵਿਟਾਮਿਨ ਸੀ, ਫਾਈਬਰ, ਕੈਲਸ਼ੀਅਮ, ਫਾਸਫੋਰਸ, ਲੋਹਾ, ਪੋਟਾਸ਼ੀਅਮ ਆਦਿ ਦਾ ਚੰਗਾ ਸ੍ਰੋਤ ਹੈ। ਸਿਰਫ਼ 100 ਗ੍ਰਾਮ ਖ਼ਰਬੂਜ਼ਾ ਵਿਟਾਮਿਨ ਏ ਅਤੇ ਵਿਟਾਮਿਨ ਸੀ ਦੀ ਇੱਕ ਤਿਹਾਈ ਰੋਜ਼ਾਨਾ ਲੋੜ ਪੂਰੀ ਕਰਦਾ ਹੈ। ਨੱਬੇ ਪ੍ਰਤੀਸ਼ਤ ਪਾਣੀ ਅਤੇ ਪੋਟਾਸ਼ੀਅਮ ਦੀ ਕਾਫ਼ੀ ਮਾਤਰਾ ਹੋਣ ਸਦਕਾ ਇਹ ਨਿਰਜਲੀਕਰਣ ਤੋਂ ਬਚਾਅ ਲਈ ਵੀ ਬਹੁਤ ਕਾਰਗਰ ਹੈ।
ਅਨੇਕਾਂ ਗੁਣਕਾਰੀ ਤੱਤਾਂ ਦੀ ਮੌਜੂਦਗੀ ਹੋਣ ਕਰਕੇ ਖ਼ਰਬੂਜ਼ਾ ਸਵਾਦ ਦੇ ਨਾਲ਼-ਨਾਲ਼ ਅਨੇਕਾਂ ਮਨੁੱਖੀ ਬੀਮਾਰੀਆਂ ਜਿਵੇਂ ਕਿ ਪਾਚਣ ਪ੍ਰਣਾਲੀ, ਅੱਖਾਂ, ਵਾਲ਼, ਕਬਜ਼, ਚਮੜੀ ਰੋਗ, ਦਿਲ ਦੇ ਰੋਗ ਅਤੇ ਬੈਚੇਨੀ ਨੂੰ ਦਰੁਸਤ ਕਰਨ ਵਿੱਚ ਹੀ ਸਹਾਈ ਹੋ ਨਿਬੜਦਾ ਹੈ। ਨਵੀਆਂ ਖੋਜਾਂ ਅਨੁਸਾਰ ਇਹ ਬਲੱਡ ਪ੍ਰੈਸ਼ਰ ਅਤੇ ਮਾਨਸਿਕ ਤਨਾਅ ਘਟਾਉਣ ਲਈ ਵੀ ਬਹੁਤ ਕਾਰਗਰ ਹੈ। ਕੁਝ ਸੂਬਿਆਂ ਵਿੱਚ ਇਸ ਨੂੰ ਪਕਾ ਕੇ ਖਾਣ ਜਾਂ ਤੇਲ ਪ੍ਰਾਪਤ ਕਰਨ ਦਾ ਰੁਝਾਨ ਵੀ ਵੇਖਣ ਨੂੰ ਮਿਲਦਾ ਹੈ। ਖ਼ਰਬੂਜ਼ੇ ਦੇ ਬੀਜਾਂ ਨੂੰ ਮਗ਼ਜ ਕਿਹਾ ਜਾਂਦਾ ਹੈ ਅਤੇ ਇਹ ਖੀਰ, ਹਲਵਾ ਵਰਗੇ ਪਕਵਾਨਾਂ ਵਿੱਚ ਵਰਤੇ ਜਾਂਦੇ ਹਨ। ਬਿਨਾਂ ਸਪਰੇਅ-ਦਵਾਈਆਂ ਦੇ ਸਹੀ ਮੌਸਮ ਵਿੱਚ ਖ਼ਰਬੂਜ਼ਾ ਖਾਣ ਨੂੰ ਮਿਲਦਾ ਰਹੇ ਤਾਂ ਸੋਨੇ ਤੇ ਸੁਹਾਗੇ ਵਾਲ਼ੀ ਗੱਲ ਹੋ ਜਾਂਦੀ ਹੈ।



# ਗ਼

## ਗ਼ਾਜ਼

*(Tamarix aphylla)*







# .ਗਾਜ਼

## (Tamarix aphylla)

ਖ਼ੁਸ਼ਕ ਇਲਾਕਿਆਂ ਦੇ ਇਸ ਰੁੱਖ ਨਾਲ਼ ਜ਼ਿਆਦਾਤਰ ਲੋਕਾਂ ਦੀ ਜਾਣ-ਪਛਾਣ ਘੱਟ ਹੀ ਹੈ। ਅਫ਼ਰੀਕਾ, ਖਾੜੀ ਦੇਸ਼, ਪੱਛਮੀ ਅਤੇ ਦੱਖਣੀ ਏਸ਼ੀਆ ਦਾ ਮੂਲ ਨਿਵਾਸੀ ਗ਼ਾਜ਼ ਭਾਰਤ ਦੇ ਰਾਜਸਥਾਨ, ਗੁਜਰਾਤ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਸਾਡੇ ਪੰਜਾਬ ਸੂਬੇ ਦੇ ਖ਼ੁਸ਼ਕ ਇਲਾਕਿਆਂ ਜਿਵੇਂ ਕਿ ਬਠਿੰਡਾ, ਅਬੋਹਰ, ਮੁਕਤਸਰ ਆਦਿ ਵਿੱਚ ਜਲ ਸ੍ਰੋਤਾਂ ਦੇ ਨੇੜੇ ਵੇਖਣ ਨੂੰ ਮਿਲਦਾ ਹੈ। ਪਰ ਸਮੇਂ ਦੇ ਚਲਦਿਆਂ ਕੁਝ ਕੁਦਰਤੀ ਕਾਰਨਾਂ ਅਤੇ ਮਨੁੱਖੀ ਕਾਰਿਆਂ ਸਦਕਾ ਅੱਜ ਇਹ ਰੁੱਖ ਪੰਜਾਬ ਦੇ ਅਲੋਪ ਹੋ ਰਹੇ ਰੁੱਖਾਂ ਦੀ ਸੂਚੀ ਵਿੱਚ ਸ਼ਾਮਿਲ ਹੋ ਚੁੱਕਿਆ ਹੈ। ਪ੍ਰਤੀਕੂਲ ਹਾਲਾਤਾਂ ਵਿੱਚ ਵੀ ਬੜੀ ਤੇਜ਼ੀ ਨਾਲ਼ ਵਧ ਸਕਣ ਵਾਲ਼ਾ ਇਸ ਰੁੱਖ ਇੱਕ ਸਾਲ ਵਿੱਚ 2-5 ਮੀਟਰ ਤੱਕ ਵਧ ਸਕਦਾ ਹੈ।

ਗ਼ਾਜ਼, ਫਰਾਸ਼, ਨਰਲਈ, ਉਕਾਨ, ਫ਼ਰਵਾਂਹ ਆਦਿ ਨਾਵਾਂ ਨਾਲ਼ ਜਾਣੇ ਜਾਂਦੇ ਇਸ ਰੁੱਖ ਦਾ ਵਿਗਿਆਨਿਕ ਨਾਂ 'ਟੈਮੇਰਿਕਸ ਅਫ਼ਿੱਲਾ' ਹੈ। ਅੰਗਰੇਜ਼ੀ ਵਿੱਚ ਗ਼ਾਜ਼ ਨੂੰ 'ਟੈਮੇਰਿਸਕ' ਕਿਹਾ ਜਾਂਦਾ ਹੈ। ਇਸ ਦੇ ਵਿਗਿਆਨਿਕ ਨਾਂ ਵਿੱਚ ਸ਼ਾਮਿਲ ਸ਼ਬਦ 'ਅਫ਼ਿੱਲਾ' ਦਾ ਅਰਥ ਹੈ 'ਬਿਨਾਂ ਪੱਤਿਆਂ ਤੋਂ' ਜੋ ਦਰਸਾਉਂਦਾ ਹੈ ਕਿ ਇਸ ਦੇ ਪੱਤੇ ਆਮ ਰੁਖਾਂ ਵਾਂਗ ਚੌੜੇ ਨਾ ਹੋ ਕੇ ਤਿੱਖੇ ਲੰਮੇ ਜਿਹੇ ਹੁੰਦੇ ਹਨ ਜਿਸ ਸਦਕਾ ਕੁੱਝ ਲੋਕ ਦੂਰੋਂ ਰੁੱਖ ਦਾ ਭੁਲੇਖਾ ਜੋੜ-ਤੋੜ (ਦੇਸੀ ਸਰੂ) ਜਾਂ ਚੀੜ ਨਾਲ਼ ਵੀ ਖਾ ਜਾਂਦੇ ਹਨ। ਛੋਟੇ ਤੋਂ ਦਰਮਿਆਨੇ ਕੱਦ ਦਾ ਇਹ ਰੁੱਖ ਖ਼ਾਸ ਤੌਰ ਤੇ ਲੂਣੀਆਂ-ਖਾਰੀਆਂ ਰੇਤਲੀਆਂ ਜ਼ਮੀਨਾਂ ਵਿੱਚ ਉੱਗਦਾ ਹੈ। ਰੁੱਖ ਦਾ ਸੱਕ ਖੁਰਦਰਾ, ਭੂਰਾ-ਸਲੇਟੀ ਅਤੇ ਧਰਤੀ ਵੱਲ ਨੂੰ ਧਾਰੀਦਾਰ ਜਿਹਾ ਹੁੰਦਾ ਹੈ। ਰੁੱਖ ਦੀ ਜੜ੍ਹ ਕਾਫ਼ੀ ਡੂੰਘੀ ਹੁੰਦੀ ਹੈ ਅਤੇ ਜ਼ਮੀਨ ਵਿੱਚੋਂ ਲੂਣ ਬਾਹਰ ਵੱਲ ਨੂੰ ਖਿੱਚਦਾ ਹੋਣ ਸਦਕਾ ਛਤਰ ਹੇਠਾਂ ਲੂਣ ਦੀ ਮਾਤਰਾ ਜ਼ਿਆਦਾ ਪਾਈ ਜਾਂਦੀ ਹੈ ਅਤੇ ਹੋਰ ਪੌਦੇ ਵੀ ਉੱਗੇ ਹੋਏ ਦਿਖਾਈ ਨਹੀਂ ਦਿੰਦੇ। ਇਸ ਦੇ ਪੱਤੇ ਹਵਾ ਵਿੱਚੋਂ ਨਮੀ ਸੋਖਣ ਦੀ ਸਮਰਥਾ ਰੱਖਦੇ ਹਨ।

ਰੇਤਲੇ ਇਲਾਕਿਆਂ ਵਿੱਚ ਰੁੱਖ ਨੂੰ ਭੋਂ ਸੰਭਾਲ ਖਾਤਰ ਖ਼ਾਸ ਤੌਰ ਤੇ ਉਗਾਇਆ ਜਾਂਦਾ ਸੀ। ਗ਼ਾਜ਼ ਨੂੰ ਗੁਲਾਬੀ ਰੰਗ ਦੇ ਫੁੱਲ ਲਗਰਾਂ ਦੇ ਸਿਰਿਆਂ ਉੱਪਰ ਗੁੱਛਿਆਂ ਵਿੱਚ ਲੱਗਦੇ ਹਨ ਜੋ ਸਮਾਂ ਪਾ ਕੇ ਕੈਪਸੂਲਨੁਮਾ ਫਲ਼ਾਂ ਵਿੱਚ ਤਬਦੀਲ ਹੋ ਜਾਂਦੇ ਹਨ ਅਤੇ ਉਸ ਫਲ਼ ਵਿੱਚ ਬੀਜ ਪਾਇਆ ਜਾਂਦਾ ਹੈ। ਬੀਜ ਜਾਂ ਕਲਮ ਤੋਂ ਆਸਾਨੀ ਨਾਲ਼ ਇਸ ਦੇ ਪੌਦੇ ਤਿਆਰ ਕੀਤੇ ਜਾ ਸਕਦੇ ਹਨ। ਪੁਰਾਣੇ ਜ਼ਮਾਨੇ ਵਿੱਚ ਪਤਲੀਆਂ ਤੇ ਲੰਮੀਆਂ ਲੰਗਰਾਂ ਤੋਂ ਟੋਕਰੇ ਵੀ ਬਣਾਏ ਜਾਂਦੇ ਸਨ। ਗ਼ਾਜ਼ ਦੇ ਫੁੱਲ ਪਰਾਗ ਅਤੇ ਰਸ ਭਰਪੂਰ ਹੁੰਦੇ ਹਨ ਜਿਨ੍ਹਾਂ ਤੋਂ ਉੱਤਮ ਪ੍ਰਕਾਰ ਦਾ, ਵਿਲੱਖਣ ਸਵਾਦ ਵਾਲ਼ਾ ਸ਼ਹਿਦ ਪ੍ਰਾਪਤ ਕੀਤਾ ਜਾਂਦਾ ਹੈ।

ਗ਼ਾਜ਼ ਦੀ ਲੱਕੜ ਜ਼ਿਆਦਾ ਹੰਢਣਸਾਰ ਨਹੀਂ ਹੁੰਦੀ। ਪਹਿਲਾਂ ਲੋਕ ਉਸ ਨੂੰ ਘਰਾਂ ਵਿੱਚ ਛੱਤਾਂ ਦੇ ਬਾਲੇ ਆਦਿ ਵਿੱਚ ਵਰਤ ਲੈਂਦੇ ਸਨ ਪਰ ਮੁੱਖ ਰੂਪ ਵਿੱਚ ਬਾਲਣ ਦੇ ਕੰਮ ਹੀ ਆਉਂਦੀ ਹੈ ਅਤੇ ਕੋਲਾ ਵੀ ਬਣਾਇਆ ਜਾਂਦਾ ਹੈ। ਇਸ ਨੂੰ ਨੇੜੇ ਨੇੜੇ ਲਗਾ ਕੇ ਹਵਾ ਰੋਧਕ ਪੱਟੀ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਹੈ। ਪੱਤਿਆਂ ਵਿੱਚ ਲੂਣ ਦੀ ਬਹੁਤਾਤ ਹੋਣ ਕਾਰਨ ਇਸ ਨੂੰ ਜਲਦੀ ਅੱਗ ਨਹੀਂ ਲਗਦੀ ਅਤੇ ਅਗਨ ਸੁਰੱਖਿਆ ਪੱਟੀ ਦਾ ਕੰਮ ਬਾਖੂਬੀ ਕਰਦਾ ਹੈ। ਰੁੱਖ ਦੀ ਛਿੱਲ ਵਿੱਚੋਂ ਟੈਨਿਨ ਮਿਲ਼ਦਾ ਹੋਣ ਕਰਕੇ ਚਮੜੇ ਦੀ ਰੰਗਾਈ ਵਿੱਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਗ਼ਾਜ਼ ਦੇ ਪੱਤੇ ਅਤੇ ਸੱਕ ਅਨੇਕਾਂ ਬਿਮਾਰੀਆਂ ਖ਼ਾਸ ਕਰਕੇ ਚਮੜੀ ਰੋਗਾਂ ਦੇ ਇਲਾਜ ਲਈ ਵਰਤੇ ਜਾਂਦੇ ਹਨ।

Society for Conservation & Healing of Environment
ਸੋਚ

# ਜ਼

## ਜ਼ੈਤੂਨ

*(Olea europaea)*



# ਜ਼ੈਤੂਨ

## (*Olea europaea*)

ਜ਼ੈਤੂਨ ਮਨੁੱਖੀ ਇਤਿਹਾਸ ਵਿੱਚ ਪੁਰਾਤਨ ਸਮੇਂ ਤੋਂ ਉਗਾਇਆ ਜਾਣ ਵਾਲ਼ਾ ਅਹਿਮ ਰੁੱਖ ਹੈ। ਇਸ ਨੂੰ ਕਾਸ਼ਤ ਅਧੀਨ ਆਉਣ ਵਾਲ਼ਾ ਸੱਭ ਤੋਂ ਪਹਿਲਾ ਫਲ਼ਦਾਰ ਰੁੱਖ ਮੰਨਿਆ ਜਾਂਦਾ ਹੈ। ਵਿਗਿਆਨਿਕ ਤੱਥਾਂ ਅਨੁਸਾਰ ਇਹ 6000 ਸਾਲ ਤੋਂ ਵੀ ਪਹਿਲੇ ਸਮੇਂ ਦੀਆਂ ਸੱਭਿਆਤਾਵਾਂ ਵਿੱਚ ਮੌਜੂਦ ਰਿਹਾ ਹੈ। ਯੂਨਾਨ, ਇਟਲੀ, ਸਪੇਨ, ਅਫ਼ਰੀਕਾ ਵਰਗੇ ਅਨੇਕਾਂ ਦੇਸ਼ਾਂ ਵਿੱਚ ਅੱਜ ਵੀ ਬੇਹੱਦ ਪੁਰਾਤਨ ਰੁੱਖ ਮੌਜੂਦ ਹਨ। ਇਨਾਂ ਵਿੱਚੋਂ ਕੁੱਝ ਦੀ ਉਮਰ 2000 ਸਾਲ ਦੇ ਕਰੀਬ ਮੰਨੀ ਜਾਂਦੀ ਹੈ ਅਤੇ ਜੋ ਅੰਤਾਂ ਦੀ ਠੰਡ ਜਾਂ ਅੱਗ ਦੀ ਮਾਰ ਨਾਲ਼ ਸੁੱਕ-ਸੜ ਕੇ ਮੁੜ ਸੁਰਜੀਤ ਹੋ ਗਏ। ਇਸ ਰੁੱਖ ਨੂੰ ਸ਼ਾਂਤੀ, ਸਿਆਣਪ ਅਤੇ ਲੰਮੀ ਉਮਰ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਯੂਨਾਨ ਵਿੱਚ ਜ਼ੈਤੂਨ ਦੀਆਂ ਟਾਹਣੀਆਂ ਦੇਵਤਿਆਂ ਨੂੰ ਅਰਪਿਤ ਕੀਤੀਆਂ ਜਾਂਦੀਆਂ ਸਨ ਅਤੇ ਓਲੰਪਿਕ ਖੇਡਾਂ ਦੇ ਜੇਤੂਆਂ ਨੂੰ ਸਨਮਾਨਿਤ ਕਰਨ ਲਈ ਉਹਨਾਂ ਦੇ ਸਿਰ 'ਤੇ ਤਾਜ ਵਾਂਗ ਸਜਾਈਆਂ ਜਾਂਦੀਆਂ ਸਨ।

ਅਨੁਕੂਲ ਹਾਲਾਤਾਂ ਵਿੱਚ ਤਕਰੀਬਨ 40-50 ਫੁੱਟ ਤੱਕ ਦੀ ਉਚਾਈ ਅਤੇ ਵੱਡੇ ਘੇਰੇ ਵਾਲ਼ੇ ਇਸ ਰੁੱਖ ਦਾ ਵਿਗਿਆਨਿਕ ਨਾਂ 'ਓਲੀਆ ਯੂਰੋਪੀਆ' ਹੈ। ਇਸ ਦੇ ਪੱਤੇ ਚੱਮ ਵਰਗੇ, ਉੱਪਰੋਂ ਸਫ਼ੈਦ-ਹਰੇ ਅਤੇ ਹੇਠਾਂ ਤੋਂ ਚਾਂਦੀ ਰੰਗੇ ਹੁੰਦੇ ਹਨ। ਇਸ ਨੂੰ ਛੋਟੇ-ਛੋਟੇ ਸਫ਼ੈਦ ਰੰਗ ਦੇ ਸੁਗੰਧੀ ਵਾਲ਼ੇ ਫੁੱਲ ਲੱਗਦੇ ਹਨ, ਜੋ ਸਮਾਂ ਪਾ ਕੇ ਫਲ਼ਾਂ ਵਿੱਚ ਤਬਦੀਲ ਹੋ ਜਾਂਦੇ ਹਨ। ਇਹ ਰੁੱਖ ਆਪ ਅੱਤ ਦਾ ਸੋਕਾ ਸਹਾਰਣ ਦੇ ਨਾਲ਼-ਨਾਲ਼ ਨੇੜੇ ਲੱਗੇ ਹੋਰ ਬੂਟਿਆਂ ਨੂੰ ਵੀ ਸੋਕੇ ਦੀ ਮਾਰ ਤੋਂ ਬਚਾਉਂਦਾ ਹੈ। ਜ਼ੈਤੂਨ ਦੇ ਫਲ਼ ਸ਼ੁਰੂਆਤੀ ਦਿਨਾਂ ਵਿੱਚ ਹਰੇ, ਫਿਰ ਭੂਰੇ ਅਤੇ ਅਖੀਰ ਕਾਲ਼ੇ ਹੋ ਜਾਂਦੇ ਹਨ। ਕੱਚੇ ਫਲ਼ ਖਾਣ ਵਿੱਚ ਕੌੜੇ ਅਤੇ ਬੇ-ਸੁਆਦੇ ਹੁੰਦੇ ਹਨ, ਜਿਨ੍ਹਾਂ ਨੂੰ ਖਮੀਰਨ ਵਰਗੀਆਂ ਵਿਧੀਆਂ ਰਾਹੀਂ ਖਾਣ ਯੋਗ ਬਣਾਇਆ ਜਾਂਦਾ ਹੈ।

ਜ਼ੈਤੂਨ ਦਾ ਤੇਲ ਦਰਅਸਲ ਇਸ ਦੇ ਫਲ਼ਾਂ ਦਾ ਰੱਸ ਹੀ ਹੁੰਦਾ ਹੈ ਜੋ ਕਿ ਫਲ਼ਾਂ ਨੂੰ ਸਿਧੇ ਹੀ ਨੂੜ ਕੇ ਕੱਢ ਲਿਆ ਜਾਂਦਾ ਹੈ। ਇਸ ਤੇਲ ਨੂੰ ਤਰਲ ਸੋਨੇ ਵਜੋਂ ਵੀ ਜਾਣਿਆ ਜਾਂਦਾ ਹੈ। ਪੁਰਾਣੇ ਵੇਲ਼ਿਆਂ ਵਿੱਚ ਅਫ਼ਰੀਕਾ ਦੇ ਲੋਕ ਇਸ ਤੇਲ ਨੂੰ ਲੈਂਪ ਜਗਾਉਣ ਲਈ ਵੀ ਵਰਤਦੇ ਸਨ। ਅਜੋਕੇ ਸਮੇਂ ਦੌਰਾਨ ਜ਼ੈਤੂਨ ਦਾ ਤੇਲ ਅਨੇਕਾਂ ਵਿਅੰਜਨਾਂ, ਸ਼ਿੰਗਾਰ ਵਸਤਾਂ, ਸਾਬਣ ਅਤੇ ਦਵਾਈਆਂ ਬਣਾਉਣ ਵਿੱਚ ਖ਼ੂਬ ਵਰਤਿਆ ਜਾਂਦਾ ਹੈ। ਕੁਝ ਲੋਕ ਇਸ ਦੀ ਸਖ਼ਤ ਲੱਕੜ ਤੋਂ ਰਸੋਈ ਅਤੇ ਘਰੇਲੂ ਸਾਜ਼ੋ-ਸਮਾਨ ਵੀ ਬਣਾਉਂਦੇ ਹਨ। ਜ਼ੈਤੂਨ ਦਾ ਰੁੱਖ ਅਨੇਕਾਂ ਦੇਸ਼ਾਂ ਦੀਆਂ ਧਾਰਮਿਕ ਰੀਤਾਂ ਵਿੱਚ ਵਰਤਿਆ ਜਾਂਦਾ ਹੈ। ਯੂਨਾਨ ਵਿੱਚ ਇਹ ਅਥੀਨਾ ਦੇਵੀ ਨੂੰ ਸਮਰਪਿਤ ਰੁੱਖ ਹੈ। ਦੰਦ ਕਥਾ ਅਨੁਸਾਰ ਅਥੀਨਾ ਨੇ ਐਥੇਨਜ਼ ਸ਼ਹਿਰ ਨੂੰ ਜ਼ੈਤੂਨ ਦਾ ਰੁੱਖ ਤੋਹਫ਼ੇ ਵਜੋਂ ਦਿੱਤਾ ਸੀ। ਬਾਈਬਲ ਵਿੱਚ ਜ਼ੈਤੂਨ ਦੇ ਰੁੱਖ ਦਾ ਜ਼ਿਕਰ ਅਨੇਕ ਵਾਰ ਵੇਖਣ ਨੂੰ ਮਿਲ਼ਦਾ ਹੈ। ਮੁਸਲਿਮ ਭਾਈਚਾਰੇ ਦੇ ਲੋਕਾਂ ਦੇ ਮਹਾਨ ਗ੍ਰੰਥ ਕੁਰਾਨ ਵਿੱਚ ਵੀ ਜ਼ੈਤੂਨ ਦਾ ਵਿਸ਼ੇਸ਼ ਸਥਾਨ ਹੈ।

ਭੂ-ਮੱਧ ਸਾਗਰੀ ਭੋਜਨ ਸਾਰੀ ਦੁਨੀਆ ਵਿੱਚ ਆਪਣੀ ਪੋਸ਼ਣ ਸ਼ਕਤੀ, ਖ਼ਾਸਤੌਰ 'ਤੇ ਦਿਲ ਦੇ ਰੋਗਾਂ ਲਈ ਲਾਹੇਵੰਦ ਹੋਣ ਸਦਕਾ ਮਸ਼ਹੂਰ ਹੈ, ਜਿਸ ਵਿੱਚ ਜ਼ੈਤੂਨ ਦੇ ਤੇਲ ਅਤੇ ਫਲ਼ਾਂ ਦੀ ਭਰਪੂਰ ਵਰਤੋਂ ਕੀਤੀ ਜਾਦੀ ਹੈ। ਇਸ ਦੀ ਵਰਤੋਂ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਕੋਲੈਸਟ੍ਰੌਲ ਘਟਾਉਣ ਵਿੱਚ ਮਦਦ ਕਰਦੀ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਦੇ ਪੱਤਿਆਂ ਦੀ ਚਾਹ ਸ਼ਰੀਰ ਦੀ ਰੋਗ ਪ੍ਰਤੀਰੋਧੀ ਸਮਰਥਾ ਵਿੱਚ ਵਾਧਾ ਕਰਦੀ ਹੈ। ਅਜੋਕੇ ਲੈਂਡਸਕੇਪ ਡਿਜ਼ਾਇਨ ਵਿੱਚ ਜ਼ੈਤੂਨ ਨੂੰ ਵਿਲੱਖਣ ਤਰੀਕੇ ਨਾਲ਼ ਪੇਸ਼ ਕੀਤਾ ਜਾਣ ਲੱਗਿਆ ਹੈ। ਵੱਡੀਆਂ ਨਰਸਰੀ ਵਿੱਚ ਪੁਰਾਣੇ ਰੁੱਖ ਲੱਖਾਂ ਰੁਪਏ ਦੇ ਹਿਸਾਬ ਨਾਲ਼ ਮਿਲ਼ਦੇ ਹਨ ਜੋ ਹੋਰਨਾਂ ਦੇਸ਼ਾਂ ਤੋਂ ਆਯਾਤ ਕੀਤੇ ਜਾਂਦੇ ਹਨ।

Society for Conservation & Healing of Environment
ਸੋਚ


ਫ਼
ਫ਼ਾਲਸਾ
(Grewia asiatica)

# ਫ਼ਾਲਸਾ

**(*Grewia asiatica*)**

ਫ਼ਾਲਸਾ ਭਾਰਤੀ ਮੂਲ ਦਾ ਝਾੜੀਨੁਮਾ ਫਲ਼ਦਾਰ ਰੁੱਖ ਹੈ ਜਿਸ ਦਾ ਵਿਗਿਆਨਿਕ ਨਾਂ 'ਗਰੁਈਆ ਏਸ਼ੀਐਟੀਕਾ' ਹੈ। ਸੰਸਕ੍ਰਿਤ ਵਿੱਚ ਇਸ ਫਲ਼ ਨੂੰ 'ਪਾਰੂਸ਼ਕਾ' ਦੇ ਤੌਰ ਤੇ ਜਾਣਿਆ ਗਿਆ ਹੈ। ਕਿਹਾ ਜਾਂਦਾ ਹੈ ਕਿ ਪਹਿਲਾਂ-ਪਹਿਲ ਇਹ ਪੌਦਾ ਭਾਰਤ ਦੇ ਬਨਾਰਸ ਵਿੱਚ ਪਾਇਆ ਗਿਆ ਅਤੇ ਬੋਧੀ ਵਿਦਵਾਨਾਂ ਵੱਲੋਂ ਦੂਜੇ ਏਸ਼ਿਆਈ ਦੇਸ਼ਾਂ 'ਤੇ ਵਿਸ਼ਵ ਦੇ ਵੱਖ-ਵੱਖ ਭਾਗਾਂ ਵਿੱਚ ਲਿਜਾਇਆ ਗਿਆ। ਭਾਰਤ ਤੋਂ ਇਲਾਵਾ ਇਹ ਫਲ਼ਦਾਰ ਰੁੱਖ ਪਾਕਿਸਤਾਨ, ਸ੍ਰੀਲੰਕਾ, ਬੰਗਲਾਦੇਸ਼, ਇੰਡੋਨੇਸ਼ੀਆ, ਥਾਈਲੈਂਡ ਤੇ ਵੀਅਤਨਾਮ ਆਦਿ ਦੇਸ਼ਾਂ ਵਿੱਚ ਵੇਖਣ ਨੂੰ ਮਿਲ਼ਦਾ ਹੈ। ਜੰਗਲ਼ੀ ਰੂਪ ਵਿੱਚ ਫ਼ਾਲਸਾ ਹਿਮਾਲਿਆ ਖੇਤਰ ਵਿੱਚ ਝਾੜੀਆਂ ਦੇ ਰੂਪ ਵਿੱਚ ਉੱਗਿਆ ਮਿਲ਼ਦਾ ਹੈ। ਕਾਸ਼ਤ ਦੇ ਪੱਖੋਂ ਪੰਜਾਬ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਵਰਗੇ ਸੂਬਿਆਂ ਵਿੱਚ ਉਗਾਇਆ ਜਾਂਦਾ ਰਿਹਾ ਹੈ।

ਛੋਟੇ ਆਕਾਰ ਦੇ ਝਾੜੀਨੁਮਾ ਰੁੱਖ ਦੀ ਛਿੱਲ ਭੂਰੀ 'ਤੇ ਖੁਰਦਰੀ ਹੁੰਦੀ ਹੈ ਅਤੇ ਪੱਤੇ ਹੇਠਲੇ ਪਾਸਿਓਂ ਲੂੰਦਾਰ ਹੁੰਦੇ ਹਨ। ਪੱਤਿਆਂ ਦੇ ਆਕਾਰ ਵਿੱਚ ਕਾਫ਼ੀ ਵਿਭਿੰਨਤਾ ਵੇਖਣ ਨੂੰ ਮਿਲ਼ਦੀ ਹੈ ਪ੍ਰੰਤੂ ਕਿਨਾਰਾ ਦੰਦੇਦਾਰ ਹੁੰਦਾ। ਫੁੱਲਾਂ ਦਾ ਰੰਗ ਪੀਲ਼ਾ ਹੁੰਦਾ ਹੈ ਜੋ ਪੱਤਿਆਂ ਦੇ ਨਾਲ਼-ਨਾਲ਼ ਹੀ ਛੋਟੇ ਗੁੱਛਿਆਂ ਵਿੱਚ ਲਗਦੇ ਹਨ। ਫ਼ਾਲਸੇ ਦੇ ਫਲ਼ ਮਟਰ ਦੇ ਦਾਣਿਆਂ ਵਰਗੇ ਹੁੰਦੇ ਹਨ ਜਿਨ੍ਹਾਂ ਦਾ ਰੰਗ ਲਾਲ, ਜਾਮਣੀ, ਬੈਂਗਣੀ ਭਾਹ ਵਾਲ਼ਾ ਹੁੰਦਾ ਹੈ ਜੋ ਪੱਕ ਕੇ ਲੱਗਭਗ ਕਾਲੀ ਦਿੱਖ ਵਾਲ਼ਾ ਹੋ ਜਾਂਦਾ ਹੈ। ਫਲਾਂ ਦਾ ਸੁਆਦ ਖੱਟ-ਮਿੱਠਾ ਹੁੰਦਾ ਹੈ। ਕੱਚੇ ਫਲਾਂ ਤੋਂ ਪਹਿਲਾਂ ਲੋਕ ਅਚਾਰ ਵੀ ਪਾ ਲੈਂਦੇ ਸਨ। ਤਣੇ ਦਾ ਸੱਕ ਗੁੜ ਬਣਾਉਣ ਸਮੇਂ ਗੰਨੇ ਦਾ ਰਸ ਸਾਫ ਕਰਨ ਲਈ ਵਰਤਿਆ ਜਾਂਦਾ ਹੈ। ਛਿੱਲ ਰੇਸ਼ੇਦਾਰ ਹੋਣ ਸਦਕਾ ਉਸ ਦੀਆਂ ਰੱਸੀਆਂ ਵੀ ਬਣਾਈਆਂ ਜਾਂਦੀਆ ਸਨ।

ਗਰਮ ਅਤੇ ਖ਼ੁਸ਼ਕ ਮੌਸਮ ਵਿੱਚ ਵਧੇਰੇ ਫਲ਼ ਦੇਣ ਵਾਲ਼ੇ ਇਸ ਪੌਦੇ ਨੂੰ ਅਨੇਕ ਤਰ੍ਹਾਂ ਦੇ ਪੌਣ-ਪਾਣੀ ਵਿੱਚ ਉਗਾਇਆ ਜਾ ਸਕਦਾ ਹੈ। ਨਵੇਂ ਪੌਦੇ ਬੀਜ ਅਤੇ ਕਲਮਾਂ ਤੋਂ ਤਿਆਰ ਕੀਤੇ ਜਾਂਦੇ ਹਨ। ਇਸ ਦੇ ਫਲ਼ ਬਹੁਤ ਘੱਟ ਸਮੇ ਲਈ ਮਿਲ਼ਦੇ ਹਨ ਅਤੇ ਜ਼ਿਆਦਾ ਦੇਰ ਤੱਕ ਸਾਂਭੇ ਨਹੀ ਜਾ ਸਕਦੇ ਜਿਸ ਕਾਰਨ ਇਸ ਦੀ ਕਾਸ਼ਤ ਕਿਸਾਨਾਂ ਨੂੰ ਬਹੁਤਾ ਆਰਥਿਕ ਲਾਭ ਨਹੀਂ ਦਿੰਦੀ ਅਤੇ ਇਸ ਦੀ ਖੇਤੀ ਸੀਮਤ ਹੀ ਰਹੀ ਹੈ।

ਫ਼ਾਲਸਾ ਆਪਣੇ ਉੱਤਮ ਅਤੇ ਚਮਤਕਾਰੀ ਗੁਣਾਂ ਕਰਕੇ ਆਯੁਰਵੈਦਿਕ ਪ੍ਰਣਾਲੀ ਵਿੱਚ ਵੀ ਵਰਤਿਆ ਜਾਂਦਾ ਹੈ। ਇਸ ਫਲ਼ ਵਿੱਚ ਸੋਡੀਅਮ, ਕੈਲਸ਼ੀਅਮ, ਮੈਗਨੀਸ਼ੀਅਮ, ਵਿਟਾਮਿਨ 'ਏ' ਅਤੇ ਵਿਟਾਮਿਨ 'ਸੀ' ਵਰਗੇ ਅਨੇਕਾਂ ਗੁਣਕਾਰੀ ਤੱਤ ਪਾਏ ਜਾਂਦੇ ਹਨ ਜੋ ਪਾਚਨ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੇ ਨਾਲ਼-ਨਾਲ਼ ਬਲੱਡ ਪ੍ਰੈਸ਼ਰ ਅਤੇ ਕੌਲੈਸਟ੍ਰੌਲ ਦਾ ਪੱਧਰ ਘੱਟ ਕਰਨ ਵਿੱਚ ਵੀ ਸਹਾਈ ਹੁੰਦੇ ਹਨ। ਫ਼ਾਲਸਾ ਖ਼ੂਨ ਦੀ ਕਮੀ ਦੂਰ ਕਰਨ ਵਿੱਚ ਸਹਾਈ ਹੋਣ ਦੇ ਨਾਲ਼ੋ-ਨਾਲ਼ ਗਠੀਆ, ਚਮੜੀ ਰੋਗਾਂ, ਫੋੜੇ-ਫਿਨਸੀਆਂ ਨੂੰ ਠੀਕ ਕਰਨ ਅਤੇ ਸ਼ਰਾਬ ਦੇ ਮਾੜੇ ਪ੍ਰਭਾਵ ਨੂੰ ਘੱਟ ਕਰਨ ਵਿੱਚ ਵੀ ਸਹਾਈ ਹੁੰਦਾ ਹੈ। ਫ਼ਾਲਸੇ ਦਾ ਸ਼ਰਬਤ ਗਰਮੀ ਵਿੱਚ ਬਹੁਤ ਹੀ ਗੁਣਕਾਰੀ ਮੰਨਿਆ ਜਾਂਦਾ ਹੈ ਅਤੇ ਲੂ ਲੱਗਣ ਦਾ ਬਿਹਤਰੀਨ ਇਲਾਜ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਫਲ਼ਾਂ ਦਾ ਜੈਮ ਅਤੇ ਜੈਲੀ ਵੀ ਬਣਾਈ ਜਾਂਦੀ ਹੈ। ਫ਼ਾਲਸੇ ਦੇ ਉੱਤਮ ਗੁਣਾਂ ਦੇ ਮੱਦੇ ਨਜ਼ਰ ਅਤੇ ਬਹੁਤ ਘੱਟ ਥਾਂ ਦੀ ਲੋੜ ਹੋਣ ਸਦਕਾ ਸਾਨੂੰ ਘਰੇਲੂ ਬਗੀਚੀਆਂ ਵਿੱਚ ਫ਼ਾਲਸੇ ਨੂੰ ਜ਼ਰੂਰ ਸਥਾਨ ਦੇਣਾ ਚਾਹੀਦਾ ਹੈ।

Society for Conservation &
Healing of Environment


ਹਾਲੋਂ
(Lepidium sativum)

# ਹਾਲੋਂ

## *(Lepidium sativum)*

ਅਜੋਕੀ ਪੀੜ੍ਹੀ ਲਈ ਅਣ-ਸੁਣਿਆ ਜਿਹਾ ਪੌਦਾ ਜਾਂ ਫਸਲ 'ਹਾਲੋਂ' ਕਦੇ ਪੰਜਾਬ ਦੇ ਹਰ ਘਰ ਲਈ ਖ਼ੂਬ ਜਾਣਿਆ-ਪਹਿਚਾਣਿਆ ਹੁੰਦਾ ਸੀ। ਪੁਰਾਣੇ ਵੇਲਿਆਂ ਵਿੱਚ ਅਕਸਰ ਖੂਹਾਂ ਜਾਂ ਬੰਬੀਆਂ ਨੇੜੇ ਛੋਟੀ ਜਿਹੀ ਕਿਆਰੀ ਵਿੱਚ ਮੌਜੂਦ ਹਾਲੋਂ ਨੂੰ ਆਲੂਆਂ ਨਾਲ਼ ਮਿਲ਼ਾ ਕੇ ਭੁਰਜੀ ਬਣਾਉਣ ਦਾ ਰੁਝਾਨ ਆਮ ਹੀ ਹੁੰਦਾ ਸੀ। ਪਸ਼ੂਆਂ ਦੀਆਂ ਅਨੇਕਾਂ ਬੀਮਾਰੀਆਂ ਨੂੰ ਠੀਕ ਕਰਨ ਹਿੱਤ ਵਰਤੇ ਜਾਂਦੇ ਟੋਟਕਿਆਂ ਵਿੱਚ ਵੀ ਹਾਲੋਂ ਦੀ ਵਰਤੋਂ ਅਕਸਰ ਕੀਤੀ ਜਾਂਦੀ ਸੀ।

'ਲੈਪਿਡੀਅਮ ਸੈਟਾਈਵਮ' ਦੇ ਵਿਗਿਆਨਿਕ ਨਾਂ ਵਾਲ਼ੇ ਇਸ ਪੌਦੇ ਨੂੰ ਵਿਸ਼ਵ ਪੱਧਰ ਤੇ 'ਗਾਰਡਨ ਕਰੈੱਸ', 'ਪੈਪਰ ਗਰਾਸ' ਜਾਂ 'ਪੂਅਰ ਮੈਨਜ਼ ਪੈਪਰ' ਆਦਿ ਨਾਵਾਂ ਨਾਲ਼ ਵੀ ਜਾਣਿਆ ਜਾਂਦਾ ਹੈ। ਹਾਲੋਂ ਦੇ ਤੇਜ਼ ਅਤੇ ਤਿੱਖੇ ਸੁਆਦ ਸਦਕਾ ਇਸ ਨੂੰ ਕਾਲ਼ੀ ਮਿਰਚ ਯਾਨੀ 'ਪੈਪਰ' ਨਾਲ਼ ਜੋੜਿਆ ਜਾਂਦਾ ਹੈ। ਦੇਸ਼ ਦੇ ਹੋਰਨਾਂ ਭਾਗਾਂ ਵਿੱਚ ਇਸ ਨੂੰ 'ਚੰਦਰਾਸੁਰ' ਦੇ ਨਾਮ ਨਾਲ਼ ਵੀ ਜਾਣਿਆ ਜਾਂਦਾ ਹੈ। ਇੰਗਲੈਂਡ, ਫਰਾਂਸ ਅਤੇ ਨੀਦਰਲੈਂਡ ਵਰਗੇ ਦੇਸ਼ਾਂ ਵਿੱਚ ਹਾਲੋਂ ਦੀ ਵਪਾਰਕ ਖੇਤੀ ਵੀ ਕੀਤੀ ਜਾਂਦੀ ਹੈ ਜਿੱਥੇ ਇਸ ਨੂੰ ਸੂਪ, ਸੈਂਡਵਿਚ, ਸਲਾਦ ਵਿੱਚ, ਉਬਲ਼ੇ ਆਂਡਿਆਂ ਨਾਲ਼ ਜਾਂ ਪੁੰਗਰੀਆਂ ਦਾਲਾਂ ਦੀ ਤਰ੍ਹਾਂ ਖ਼ੂਬ ਖਾਧਾ ਜਾਂਦਾ ਹੈ।

ਹਾਲੋਂ ਦੇ ਪੌਦੇ ਦੀ ਉਚਾਈ ਤਕਰੀਬਨ ਦੋ ਫੁੱਟ ਤੱਕ ਹੀ ਸੀਮਤ ਹੁੰਦੀ ਹੈ ਜਿਸ ਨੂੰ ਸਫ਼ੈਦ ਜਾਂ ਹਲਕੇ ਗੁਲਾਬੀ ਰੰਗ ਦੇ ਫੁੱਲ ਪੈਂਦੇ ਹਨ ਜੋ ਸਮਾਂ ਪਾ ਕੇ ਛੋਟੇ-ਛੋਟੇ ਫਲ਼ਾਂ ਵਿੱਚ ਤਬਦੀਲ ਹੋ ਜਾਂਦੇ ਹਨ ਜਿਨ੍ਹਾਂ ਵਿੱਚੋਂ ਕਾਲ਼ੇ-ਭੂਰੇ ਜਿਹੇ ਰੰਗ ਦੇ ਬੀਜ ਪ੍ਰਾਪਤ ਕੀਤੇ ਜਾਂਦੇ ਹਨ। ਹਾਲੋਂ ਦੀ ਇੱਕ ਅਲੱਗ ਮਹਿਕ ਵੀ ਮਹਿਸੂਸ ਕੀਤੀ ਜਾਂਦੀ ਹੈ।

ਆਯੁਰਵੈਦਿਕ ਪ੍ਰਣਾਲੀ ਦੇ ਗਿਆਤਾ ਆਪਣੇ ਨੁਸਖ਼ਿਆਂ ਵਿੱਚ ਹਾਲੋਂ ਦੀ ਵਰਤੋਂ ਖ਼ੂਬ ਕਰਦੇ ਹਨ। ਦਰਅਸਲ ਤਾਸੀਰ ਵੱਜੋਂ ਗਰਮ ਮੰਨੀ ਜਾਂਦੀ ਹਾਲੋਂ ਬਿਹਤਰੀਨ ਸ਼ਕਤੀਵਰਧਕ ਪੌਦਾ ਹੈ ਜਿਸ ਨੂੰ ਅਨੇਕਾਂ ਮਨੁੱਖੀ ਬੀਮਾਰੀਆਂ ਜਿਵੇਂ ਕਿ ਚਮੜੀ ਰੋਗ, ਜੋੜ ਦਰਦ, ਅੱਖਾਂ ਦੀ ਰੌਸ਼ਨੀ, ਖ਼ੂਨ ਦੀ ਕਮੀ, ਪੇਟ ਅਤੇ ਪਾਚਨ ਰੋਗ ਆਦਿ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਇਸ ਦੇ ਪੱਤੇ ਉਤੇਜਕ ਅਤੇ ਮੂਤਰਵਧਕ ਦੇ ਨਾਲ਼ ਹੀ ਬੀਜ ਸ਼ਕਤੀ ਵਰਧਕ ਵਜੋਂ ਵਰਤੇ ਜਾਂਦੇ ਹਨ। ਹਾਲੋਂ ਵਿੱਚ ਵਿਟਾਮਿਨ ਏ, ਸੀ ਅਤੇ ਕੇ ਤੋਂ ਇਲਾਵਾ ਹੋਰ ਵੀ ਕਈ ਗੁਣਕਾਰੀ ਤੱਤ ਮੌਜੂਦ ਹੁੰਦੇ ਹਨ। ਪੁਰਾਣੇ ਵੇਲਿਆਂ ਵਿੱਚ ਹਿਚਕੀ ਹਟਾਉਣ ਲਈ ਹਾਲੋਂ ਦੀ ਵਰਤੋਂ ਆਮ ਹੀ ਕੀਤੀ ਜਾਂਦੀ ਸੀ। ਦੁੱਧ ਪਿਆਉਣ ਵਾਲ਼ੀਆਂ ਮਾਵਾਂ ਨੂੰ ਹਾਲੋਂ ਵਿਸ਼ੇਸ਼ ਤੌਰ ਤੇ ਦਿੱਤੀ ਜਾਂਦੀ ਸੀ। ਸਾਇੰਸ ਪ੍ਰਯੋਗਸ਼ਾਲਾ ਵਿੱਚ ਬੀਜਾਂ ਦੇ ਉੱਗਣ ਦਾ ਪ੍ਰਯੋਗ ਕਰਵਾਉਣ ਲਈ ਅਕਸਰ ਅਧਿਆਪਕ ਹਾਲੋਂ ਦੇ ਬੀਜਾਂ ਦੀ ਵਰਤੋਂ ਕਰ ਲੈਂਦੇ ਸਨ ਕਿਉਂਕਿ ਫਿਲਟਰ ਪੇਪਰ, ਸਿੱਲ੍ਹੇ ਕਾਗਜ਼ ਜਾਂ ਰੂੰ ਆਦਿ ਵਿੱਚ ਇਹ ਬੜੀ ਜਲਦੀ ਉੱਗ ਆਉਂਦੀ ਹੈ।

ਹਾਲੋਂ ਵਰਗਾ ਇਕ ਹੋਰ ਪੌਦਾ ਜੰਗਲ਼ੀ ਹਾਲੋਂ, ਜਿਸ ਦਾ ਵਿਗਿਆਨਿਕ ਨਾਂ 'ਲੈਪਿਡੀਅਮ ਡਿਡੀਮਮ' ਹੈ, ਖੇਤਾਂ ਵਿੱਚ ਨਦੀਨ ਦੇ ਰੂਪ ਵਿੱਚ ਅਕਸਰ ਉੱਗਿਆ ਨਜ਼ਰ ਆਉਂਦਾ ਹੈ। ਵਿਸ਼ਵ ਪੱਧਰ ਤੇ ਇਸ ਨੂੰ 'ਬਿਟਰ ਕਰੈਸ' ਵਜੋਂ ਜਾਣਿਆਂ ਜਾਂਦਾ ਹੈ ਜਿਸ ਦਾ ਸਵਾਦ ਬੇਹੱਦ ਭੱਦਾ ਜਿਹਾ ਹੁੰਦਾ ਹੈ। ਜੇਕਰ ਦੁੱਧ ਦੇਣ ਵਾਲ਼ੇ ਜਾਨਵਰ ਜੰਗਲ਼ੀ ਹਾਲੋਂ ਚਰ ਲੈਣ ਤਾਂ ਦੁੱਧ ਵਿੱਚੋਂ ਵੀ ਭੈੜੀ ਗੰਧ ਮਹਿਸੂਸ ਕੀਤੀ ਜਾਂਦੀ ਹੈ। ਹਾਲਾਂਕਿ ਕੁਝ ਲੋਕ ਜੰਗਲ਼ੀ ਹਾਲੋਂ ਨੂੰ ਵੀ ਕਈ ਘਰੇਲੂ ਪਕਵਾਨਾਂ ਵਿੱਚ ਵਰਤ ਲੈਂਦੇ ਹਨ।

ਕੁੱਲ ਮਿਲ਼ਾ ਕੇ ਅੱਜਕੱਲ੍ਹ ਹਾਲੋਂ ਸਾਡੇ ਖੇਤਾਂ ਵਿੱਚੋਂ, ਮੋਟਰਾਂ-ਬੰਬੀਆਂ ਨੇੜਿਓ ਜਾਂ ਘਰਾਂ ਦੀਆਂ ਬਗੀਚੀਆਂ ਵਿੱਚੋਂ ਗ਼ੈਰਹਾਜ਼ਰ ਹੀ ਹੈ। ਚਟਪਟੇ 'ਤੇ ਫ਼ਾਸਟ ਫ਼ੂਡ ਤੇ ਲੱਗੀ ਜੀਭ ਘਰੇਲੂ 'ਤੇ ਗੁਣਕਾਰੀ ਪਕਵਾਨਾਂ ਤੋਂ ਦੂਰ ਹੁੰਦੀ ਜਾ ਰਹੀ ਹੈ।

ਹਾਲੋਂ ਦੀ ਭੁਰਜੀ, ਚਿੱਬੜਾਂ ਦੀ ਚਟਨੀ,
ਅਲਸੀ ਦੀਆਂ ਪਿੰਨੀਆ ਸੱਭ ਭੁੱਲ ਗਈ,
ਪਹੁ-ਫੁਟਦਿਆਂ ਚਾਟੀ ਦੀ ਲੱਸੀ ਪੀਣ ਵਾਲ਼ੀ,
ਵੇਖ ਅੱਜ ਕੋਕਾ ਕੋਲਾ ਉੱਤੇ ਡੁਲ੍ਹ ਗਈ।



ਸੋਸਾਇਟੀ ਫਾਰ ਕੰਜ਼ਰਵੇਸ਼ਨ ਐਂਡ ਹੀਲਿੰਗ ਆਫ਼ ਇਨਵਾਇਰਮੈਂਟ (ਸੋਚ) ਇੱਕ ਰਜਿਸਟਰਡ ਸਮਾਜ-ਸੇਵੀ ਸੰਸਥਾ ਹੈ ਜੋ ਕੁਦਰਤੀ ਸਰੋਤਾਂ ਦੀ ਸੰਭਾਲ਼ ਅਤੇ ਲੋਕਾਂ ਨੂੰ ਕੁਦਰਤ ਨਾਲ ਦੁਬਾਰਾ ਜੋੜਨ ਲਈ ਕੰਮ ਕਰਦੀ ਹੈ। 'ਸੋਚ' ਸੰਸਥਾ ਦੇ ਮੁੱਖ ਕਾਰਜ ਖੇਤਰ ਜੈਵਿਕ-ਵਿਭਿੰਤਾ, ਵਿਰਾਸਤੀ ਰੁੱਖ, ਪੌਣ-ਪਾਣੀ, ਜੰਗਲੀ ਜੀਵ, ਵਾਤਾਵਰਨ ਪ੍ਰਦੂਸ਼ਣ, ਸ਼ੁੱਧ ਭੋਜਨ ਆਦਿ ਹਨ। ਸੰਸਥਾ ਵੱਲੋਂ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਰੁੱਖ ਫੇਰੀ, ਜੰਗਲ਼ ਫੇਰੀ, ਫੋਰੈਸਟ ਬੇਦਿੰਗ, ਕੁਦਰਤ ਬਾਰੇ ਜਾਗਰੂਕਤਾ ਕੈਂਪ, ਵਾਤਾਵਰਣ ਦੇ ਵੱਖ-ਵੱਖ ਪਹਿਲੂਆਂ ਤੇ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਲਈ ਮੁਕਾਬਲੇ, ਜੈਵਿਕ ਵਿਭਿੰਨਤਾ ਪਾਰਕਾਂ ਅਤੇ ਵਿਰਾਸਤੀ ਰੁੱਖ ਪਾਰਕਾਂ ਦਾ ਵਿਕਾਸ, ਜਲ ਸਰੋਤਾਂ ਦੀ ਬਹਾਲੀ ਆਦਿ ਕੀਤੀਆਂ ਜਾਂਦੀਆਂ ਹਨ।



ਡਾ. ਬਲਵਿੰਦਰ ਸਿੰਘ ਲੱਖੇਵਾਲੀ

ਡਾ. ਬਲਵਿੰਦਰ ਸਿੰਘ ਲੱਖੇਵਾਲੀ ਇੱਕ ਜਾਣੇ-ਪਛਾਣੇ ਵਾਤਾਵਰਣ ਮਾਹਿਰ ਹਨ। ਉਹ ਪਿਛਲੇ 20 ਸਾਲਾਂ ਤੋਂ ਵੱਧ ਸਮੇਂ ਤੋਂ ਵਾਤਾਵਰਨ, ਜੈਵਿਕ-ਵਿਭਿੰਨਤਾ ਅਤੇ ਵਿਰਾਸਤੀ ਰੁੱਖਾਂ ਦੀ ਸੰਭਾਲ਼ ਬਾਰੇ ਜਾਗਰੂਕਤਾ ਪੈਦਾ ਕਰ ਰਹੇ ਹਨ। ਇਨ੍ਹਾਂ ਦੁਆਰਾ ਰੁੱਖਾਂ, ਵਾਤਾਵਰਣ ਅਤੇ ਲੈਂਡਸਕੇਪਿੰਗ ਆਦਿ ਵਿਸ਼ਿਆਂ ਉੱਪਰ ਅਨੇਕਾਂ ਕਿਤਾਬਾਂ ਅਤੇ ਅਖ਼ਬਾਰਾਂ ਵਿੱਚ ਲੇਖ ਲਿਖੇ ਹਨ।



ਡਾ ਬ੍ਰਿਜ ਮੋਹਨ ਭਾਰਦਵਾਜ

ਡਾ. ਬ੍ਰਿਜ ਮੋਹਨ ਭਾਰਦਵਾਜ ਸ਼ਹਿਰੀ ਬਾਗ਼ਬਾਨੀ ਅਤੇ ਦੇਸੀ ਰੁੱਖਾਂ ਦੀ ਸੰਭਾਲ਼ ਵਿੱਚ 22 ਸਾਲਾਂ ਤੋਂ ਵੱਧ ਅਕਾਦਮਿਕ ਅਤੇ ਖੇਤਰੀ ਅਨੁਭਵ ਰੱਖਣ ਵਾਲੇ ਵਾਤਾਵਰਣ ਅਤੇ ਬਾਗਬਾਨੀ ਮਾਹਿਰ ਹਨ। ਇਹ ਪੰਜਾਬ ਦੇ ਮੂਲ ਬਨਸਪਤੀ, ਜੀਵ-ਜੰਤੂਆਂ ਅਤੇ ਇਸ ਦੀ ਸੰਭਾਲ਼ ਬਾਰੇ ਜਾਗਰੂਕਤਾ ਪੈਦਾ ਕਰਨ ਵਿੱਚ ਯੋਗਦਾਨ ਪਾ ਰਹੇ ਹਨ।



SOCH
Society for Conservation & Healing of Environment
ਸੋਚ

ਸੋਸਾਇਟੀ ਫਾਰ ਕੰਜ਼ਰਵੇਸ਼ਨ ਐਂਡ ਹੀਲਿੰਗ ਆਫ਼ ਇਨਵਾਇਰਮੈਂਟ
ਲੁਧਿਆਣਾ (ਪੰਜਾਬ)